# Sunday Samaj Weekly

Vol :15 : # 636: 21/12/2025 - 27/12/2025 www.samajweekly.com samajweekly @samajweekly

Punjabi, Hindi & English Newspaper- Uk&Eu Edition


# ਚਮਕੌਰ ਸਾਹਿਬ ਵਿਖੇ ਵੱਡੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸ਼ਹੀਦੀ ਜੋੜ ਮੇਲ ਆਰੰਭ




ਸੰਡੇ ਸਮਾਜ ਵੀਕਲੀ


**ਚਮਕੌਰ ਸਾਹਿਬ**

ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਤੇ ਬਾਬਾ ਜੁਝਾਰ ਸਿੰਘ ਅਤੇ ਚਮਕੌਰ ਸਾਹਿਬ ਦੇ ਮੁਗਲ ਸਾਮਰਾਜ ਨਾਲ ਹੋਏ ਇਤਿਹਾਸਕ ਯੁੱਧ ਵਿੱਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਲੱਗਣ ਵਾਲਾ ਸਾਲਾਨਾ ਤਿੰਨ ਰੋਜ਼ਾ ਸ਼ਹੀਦੀ ਜੋੜ ਮੇਲ ਅੱਜ ਇੱਥੇ ਸ਼ੁਰੂ ਹੋ ਗਿਆ ਹੈ। ਜੋੜ ਮੇਲ ਦੇ ਪਹਿਲੇ ਦਿਨ ਇਤਿਹਾਸਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਧਾਰਮਿਕ ਮੰਚ ਤੋਂ ਰਾਗੀ ਢਾਡੀ ਜਥਿਆਂ ਨੇ ਕਥਾ ਕੀਰਤਨ ਅਤੇ ਗੁਰਬਾਣੀ ਵਿਆਖਿਆ ਕੀਤੀ । ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਮੈਨੇਜਰ ਭਾਈ ਗੁਰਮੁੱਖ ਸਿੰਘ ਨੇ ਦੱਸਿਆ ਕਿ ਇਹ ਦੀਵਾਨ 22 ਦਸੰਬਰ ਦੇਰ ਰਾਤ ਤੱਕ ਸਜਣਗੇ। ਉਧਰ ਪੁਲੀਸ ਪ੍ਰਸ਼ਾਸਨ ਵੱਲੋਂ ਸਖਤ ਸੁਰੱਖਿਆ ਪ੍ਰਬੰਧ ਵੀ ਕੀਤ ਗਏ ਹਨ।

ਸਮਾਗਮ ਦੇ ਦੂਜੇ ਦਿਨ 21 ਦਸੰਬਰ ਨੂੰ ਸਿਆਸੀ ਕਾਨਫਰੰਸਾਂ ਵੀ ਹੋਣਗੀਆਂ। ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਗੁਰਮੁੱਖ ਸਿੰਘ ਨੇ ਦੱਸਿਆ ਕਿ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਗੁਰਦੁਆਰਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ , ਸਿੰਘ ਸਾਹਿਬਾਨਾਂ ਸਮੇਤ ਹੋਰ ਅਕਾਲੀ ਦਲ ਦੇ ਆਗੂ ਪਹੁੰਚਣਗੇ ।

ਦੂਜੇ ਪਾਸੇ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਤੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ , ਸ਼੍ਰੋਮਣੀ ਅਕਾਲੀ ਦਲ ( 1920 ) ਦੇ ਪ੍ਰਧਾਨ ਸਾਬਕਾ ਸਪੀਕਰ ਰਵੀਇੰਦਰ ਸਿੰਘ ਰਵੀ , ਸ਼ੋਮਣੀ ਅਕਾਲੀ ਦਲ ( ਅ ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਬਹੁਜਨ ਸਮਾਜ ਪਾਰਟੀ ਦੇ ਆਗੂ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਪਹੁੰਚ ਰਹੇ ਹਨ ।

# ਅਸਾਮ ਵਿੱਚ ਰਾਜਧਾਨੀ ਐਕਸਪ੍ਰੈਸ ਨਾਲ ਟੱਕਰ ਦੌਰਾਨ 8 ਹਾਥੀਆਂ ਦੀ ਮੌਤ

**ਹੋਜਾਈ।** ਅਸਾਮ ਦੇ ਲੁਮਡਿੰਗ ਡਿਵੀਜ਼ਨ ਵਿੱਚ ਅੱਜ ਸਵੇਰੇ ਸੈਰਾਂਗ-ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ ਜੰਗਲੀ ਹਾਥੀਆਂ ਦੇ ਝੁੰਡ ਨਾਲ ਟਕਰਾ ਗਈ। ਟੱਕਰ ਇੰਨੀ ਜ਼ੋਰਦਾਰ ਸੀ ਕਿ ਰੇਲਗੱਡੀ ਦਾ ਇੰਜਣ ਅਤੇ ਪੰਜ ਡੱਬੇ ਪਟਰੀ ਤੋਂ ਉਤਰ ਗਏ। ਵਣ ਅਧਿਕਾਰੀ ਨੇ ਦੱਸਿਆ ਕਿ ਅੱਜ ਤੜਕੇ ਅਸਾਮ ਦੇ ਹੋਜਾਈ ਜ਼ਿਲ੍ਹੇ ਵਿੱਚ ਇਸ ਹਾਦਸੇ ਕਾਰਨ 8 ਹਾਥੀਆਂ ਦੀ ਮੌਤ ਹੋ ਗਈ ਹੈ। ਇਸ ਹਾਦਸੇ ਵਿੱਚ ਕਿਸੇ ਵੀ ਯਾਤਰੀ ਨੂੰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਫਿਲਹਾਲ ਇਸ ਘਟਨਾ ਕਾਰਨ ਉੱਪਰੀ ਅਸਾਮ ਅਤੇ ਉੱਤਰ-ਪੂਰਬ ਦੀਆਂ ਰੇਲ ਸੇਵਾਵਾਂ ਪ੍ਰਭਾਵਿਤ ਹੋ ਗਈਆਂ ਹਨ। ਰੇਲਵੇ ਨੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ ਹੈ ਅਤੇ ਯਾਤਰੀਆਂ ਲਈ ਬਦਲਵੇਂ ਪ੍ਰਬੰਧ ਕਰਕੇ ਅਗਲੀ ਯਾਤਰਾ ਯਕੀਨੀ ਬਣਾਉਣ ਦੀ ਪ੍ਰਕਿਰਿਆ ਜਾਰੀ ਹੈ। ਇਹ ਰੇਲ ਹਾਦਸਾ ਉੱਤਰ-ਪੂਰਬੀ ਸਰਹੱਦੀ ਰੇਲਵੇ ਦੇ ਲੁਮਡਿੰਗ ਡਿਵੀਜ਼ਨ ਅਧੀਨ ਜਮੁਨਾਮੁਖ-ਕਾਮਪੁਰ ਸੈਕਸ਼ਨ ਵਿੱਚ ਵਾਪਰਿਆ। ਜਾਣਕਾਰੀ ਅਨੁਸਾਰ, ਹਾਦਸੇ ਵਾਲੀ ਥਾਂ ਗੁਹਾਟੀ ਤੋਂ ਲਗਪਗ 126 ਕਿਲੋਮੀਟਰ ਦੂਰ ਸਥਿਤ ਹੈ। ਘਟਨਾ ਤੋਂ ਤੁਰੰਤ ਬਾਅਦ ਰਾਹਤ ਰੇਲਗੱਡੀਆਂ ਅਤੇ ਰੇਲਵੇ ਅਧਿਕਾਰੀ ਬਚਾਅ ਮੁਹਿੰਮ



ਲਈ ਮੌਕੇ ਤੇ ਪਹੁੰਚ ਗਏ। ਪਟਰੀ ਤੇ ਹਾਥੀਆਂ ਦੇ ਸਰੀਰ ਦੇ ਟੁਕੜੇ ਬਿਖਰ ਜਾਣ ਅਤੇ ਡੱਬੇ ਉਤਰਨ ਕਾਰਨ ਰੇਲ ਸੇਵਾਵਾਂ ਵਿੱਚ ਵਿਘਨ ਪਿਆ ਹੈ। ਰਿਪੋਰਟ ਅਨੁਸਾਰ, ਹਾਦਸੇ ਤੋਂ ਪ੍ਰਭਾਵਿਤ ਡੱਬਿਆਂ ਦੇ ਯਾਤਰੀਆਂ ਨੂੰ ਰੇਲਗੱਡੀ ਦੇ ਦੂਜੇ ਡੱਬਿਆਂ ਵਿੱਚ ਖਾਲੀ ਬਰਥਾਂ ਤੇ ਅਸਥਾਈ ਤੌਰ ਤੇ ਬਿਠਾਇਆ ਜਾਵੇਗਾ। ਇਸ ਤੋਂ ਬਾਅਦ ਗੁਹਾਟੀ ਪਹੁੰਚਣ ਤੇ ਰੇਲਗੱਡੀ ਵਿੱਚ ਵਾਧੂ ਡੱਬੇ ਜੋੜੇ ਜਾਣਗੇ ਤਾਂ ਜੋ ਸਾਰੇ ਯਾਤਰੀਆਂ ਨੂੰ ਸੀਟ ਮਿਲ ਸਕੇ ਅਤੇ ਰੇਲਗੱਡੀ ਆਪਣੀ ਅਗਲੀ ਯਾਤਰਾ ਲਈ ਰਵਾਨਾ ਹੋ ਸਕੇ।

## ਦਿੱਲੀ ਹਵਾਈ ਅੱਡੇ ਤੇ ਪਾਇਲਟ ਵੱਲੋਂ ਯਾਤਰੀ ਨਾਲ ਕੁੱਟਮਾਰ, ਪਾਇਲਟ ਮੁਅੱਤਲ

**ਨਵੀਂ ਦਿੱਲੀ।** ਦਿੱਲੀ ਹਵਾਈ ਅੱਡੇ ਤੇ ਇਕ ਪਾਇਲਟ ਨੇ ਬੋਲ ਬੁਲਾਰੇ ਤੋਂ ਬਾਅਦ ਇਕ ਯਾਤਰੀ ਦੀ ਕੁੱਟਮਾਰ ਕੀਤੀ ਜਿਸ ਦੀ ਸੋਸ਼ਲ ਮੀਡੀਆ ਤੇ ਨਿਖੇਧੀ ਕੀਤੀ ਗਈ। ਇਹ ਘਟਨਾ ਸਪਾਈਸਜੈਟ ਦੇ ਇੱਕ ਯਾਤਰੀ ਨਾਲ 19 ਦਸੰਬਰ ਨੂੰ ਵਾਪਰੀ। ਇਸ ਯਾਤਰੀ ਅੰਕਿਤ ਦੀਵਾਨ ਨੇ ਆਪਣੇ ਇਸ ਦੀ ਪੋਸਟ ਸੋਸ਼ਲ ਮੀਡੀਆ ਤੇ ਜਾਰੀ ਕਰਦਿਆਂ ਪਾਇਲਟ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਹਨ। ਇਹ ਪਤਾ ਲੱਗਿਆ ਹੈ ਕਿ ਏਅਰਲਾਈਨ ਨੇ ਇਸ ਵਰਤਾਰੇ ਤੋਂ ਬਾਅਦ ਪਾਇਲਟ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਹ ਪਾਇਲਟ ਉਸ ਵੇਲੇ ਡਿਊਟੀ ਤੇ ਨਹੀਂ ਸੀ। ਦੀਵਾਨ ਨੇ ਦਾਅਵਾ ਕੀਤਾ ਕਿ ਦਿੱਲੀ ਹਵਾਈ ਅੱਡੇ ਦੇ ਟਰਮੀਨਲ 1 ਤੇ ਇਕ ਪਾਇਲਟ ਨੇ ਉਸ ਤੇ ਉਦੋਂ ਹਮਲਾ ਕੀਤਾ ਜਦੋਂ ਉਹ ਆਪਣੀ ਪਤਨੀ ਅਤੇ ਦੋ ਬੱਚੀਆਂ ਨਾਲ ਜਾ ਰਿਹਾ ਸੀ। ਉਸ ਨੇ ਕਿਹਾ ਕਿ ਉਸ ਦੇ ਪਰਿਵਾਰ ਨੂੰ ਸਟਰੌਲਰ ਵਿਚ ਚਾਰ ਮਹੀਨੇ ਦੀ ਬੱਚੀ ਕਾਰਨ ਸਟਾਫ਼ ਦੀ ਸੁਰੱਖਿਆ ਜਾਂਚ ਵੱਲ ਜਾਣ ਲਈ ਕਿਹਾ ਗਿਆ ਸੀ। ਇਸ ਤੋਂ ਬਾਅਦ ਪਾਇਲਟ ਉਸ ਤੋਂ ਅੱਗੇ ਜਾਣ ਲੱਗਿਆ ਤਾਂ ਉਸ ਨੇ ਇਤਰਾਜ਼ ਕੀਤਾ ਤਾਂ ਪਾਇਲਟ ਨੇ ਕਿਹਾ ਕਿ ਉਹ ਅਨਪੜ੍ਹ ਹੈ ਕਿ ਉਸ ਨੇ ਉਹ ਸੰਕੇਤ ਨਹੀਂ ਪੜ੍ਹ ਸਕਿਆ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਇਹ ਐਂਟਰੀ ਸਿਰਫ ਸਟਾਫ ਲਈ ਸੀ। ਦੀਵਾਨ ਅਤੇ ਪਾਇਲਟ ਦਰਮਿਆਨ



ਤਕਰਾਰ ਹੋ ਗਈ ਤੇ ਪਾਇਲਟ ਨੇ ਯਾਤਰੀ ਦੇ ਘਸੁੰਨ ਜੜ ਦਿੱਤਾ ਤੇ ਦੀਵਾਨ ਲਹੂ-ਲੁਹਾਨ ਹੋ ਗਿਆ। ਇਹ ਕੁੱਟਮਾਰ ਦੀਵਾਨ ਦੀਆਂ ਦੋ ਬੱਚੀਆਂ ਸਾਹਮਣੇ ਕੀਤੀ ਗਈ ਜਿਸ ਕਾਰਨ ਬੱਚੀ ਸਦਮੇ ਵਿਚ ਹੈ।

## ਤੋਸ਼ਾਖਾਨਾ ਮਾਮਲੇ ਵਿੱਚ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਪਤਨੀ ਬੁਸ਼ਰਾ ਬੀਬੀ ਨੂੰ 17-17 ਸਾਲ ਦੀ ਸਜ਼ਾ

**ਇਸਲਾਮਾਬਾਦ।** ਪਾਕਿਸਤਾਨ ਦੀ ਇੱਕ ਅਦਾਲਤ ਨੇ ਤੋਸ਼ਾਖਾਨਾ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਨਜ਼ਰਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ 17-17 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਇਹ ਮਾਮਲਾ ਸਰਕਾਰੀ ਤੋਹਫ਼ਿਆਂ ਵਿੱਚ ਕਥਿਤ ਧੋਖਾਧੜੀ ਨਾਲ ਸਬੰਧਤ ਹੈ। ਇਹ ਤੋਹਫੇ ਉਨ੍ਹਾਂ ਨੂੰ 2021 ਵਿੱਚ ਸਾਊਦੀ ਸਰਕਾਰ ਤੋਂ ਮਿਲੇ ਸਨ। ਵਿਸ਼ੇਸ਼ ਅਦਾਲਤ ਦੇ ਜੱਜ ਸ਼ਾਹਰੁਖ ਅਰਜੁਮੰਦ ਨੇ ਰਾਵਲਪਿੰਡੀ ਦੀ ਉੱਚ ਸੁਰੱਖਿਆ ਅਦਿਆਲਾ ਜੇਲ੍ਹ ਵਿੱਚ ਇਸ ਮਾਮਲੇ ਬਾਰੇ ਫੈਸਲਾ ਸੁਣਾਇਆ। ਖਾਨ ਅਤੇ ਬੁਸ਼ਰਾ ਨੂੰ ਪਾਕਿਸਤਾਨੀ ਕਾਨੂੰਨ ਦੀ ਧਾਰਾ 409 ਤਹਿਤ 10 ਸਾਲ ਦੀ ਸਖ਼ਤ ਕੈਦ ਅਤੇ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਉਨ੍ਹਾਂ ਵਿੱਚੋਂ ਹਰੇਕ ਤੇ 16.4



ਮਿਲੀਅਨ ਪਾਕਿਸਤਾਨੀ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਇਹ ਮਾਮਲਾ ਜੁਲਾਈ 2024 ਵਿੱਚ ਦਾਇਰ ਕੀਤਾ ਗਿਆ ਸੀ। ਉਨ੍ਹਾਂ ਤੇ ਦੋਸ਼ ਲੱਗੇ ਸਨ ਕਿ ਇਸ ਜੋੜੇ ਵਲੋਂ ਮਹਿੰਗੀਆਂ ਘੜੀਆਂ ਦੇ ਨਾਲ-ਨਾਲ ਹੀਰੇ ਅਤੇ ਸੋਨੇ ਦੇ ਗਹਿਣਿਆਂ ਦੇ ਸੈਟਾਂ ਸਮੇਤ ਕੀਮਤੀ ਚੀਜ਼ਾਂ ਨੂੰ ਤੋਸ਼ਾਖਾਨਾ (ਰਾਜ ਦੇ ਤੋਹਫਾ ਭੰਡਾਰ) ਵਿੱਚ ਜਮ੍ਹਾ ਕੀਤੇ ਬਿਨਾਂ ਵੇਚ ਦਿੱਤਾ ਗਿਆ ਸੀ। ਇਸਲਾਮਾਬਾਦ ਹਾਈ ਕੋਰਟ ਨੇ ਅਕਤੂਬਰ 2024 ਵਿੱਚ ਬੁਸ਼ਰਾ ਨੂੰ ਇਸ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ ਸੀ ਅਤੇ ਇੱਕ ਮਹੀਨੇ ਬਾਅਦ ਖਾਨ ਨੂੰ ਵੀ ਇਸੇ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ ਗਈ ਸੀ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਕੈਨੇਡਾ: ਸੜਕ ਹਾਦਸੇ ਵਿਚ ਪੰਜਾਬੀ ਡਰਾਈਵਰ ਹਲਾਕ ਤਿੰਨ ਟਰੱਕਾਂ ਦੀ ਟੱਕਰ ਵਿਚ ਦੋ ਹੋਰ ਜ਼ਖ਼ਮੀ

**ਵਿਨੀਪੈਗ।** ਕੈਨੇਡਾ ਦੇ ਸਸਕੈਚਵਨ ਸੂਬੇ ਵਿਚ ਤਿੰਨ ਟਰੱਕਾਂ ਦੀ ਟੱਕਰ ਦੌਰਾਨ 33 ਸਾਲ ਦਾ ਇੰਦਰਜੀਤ ਸਿੰਘ ਦਮ ਤੋੜ ਗਿਆ । ਹਾਦਸਾ ਬਰੌਡਵਿਊ ਸ਼ਹਿਰ ਤੋਂ ਦੋ ਕਿੱਲੋਮੀਟਰ ਪੂਰਬ ਵੱਲ ਹਾਈਵੇਅ 1 ਅਤੇ ਹਾਈਵੇਅ 201 ਦੇ ਇੰਟਰ ਸੈਕਸ਼ਨ ਨੇੜੇ ਵਾਪਰਿਆ। ਐਮਰਜੈਂਸੀ ਕਾਮਿਆਂ ਵੱਲੋਂ ਇੰਦਰਜੀਤ ਸਿੰਘ ਨੂੰ ਮੌਕੇ 'ਤੇ ਹੀ ਮ੍ਰਿਤਕ ਕਰਾਰ ਦੇ ਦਿੱਤਾ ਗਿਆ ਜਦਕਿ ਦੋ ਹੋਰਨਾਂ ਟਰੱਕਾਂ ਵਿਚ ਸਵਾਰ ਤਿੰਨ ਜਣਿਆਂ ਵਿਚੋਂ 2 ਨੂੰ ਹਸਪਤਾਲ ਦਾਖਲ ਕਰਵਾਏ ਜਾਣ ਦੀ ਰਿਪੋਰਟ ਹੈ। ਪੁਲੀਸ ਮੁਤਾਬਕ ਤੀਜੇ ਟਰੱਕ ਦੇ ਡਰਾਈਵਰ ਨੂੰ ਕੋਈ ਸੱਟ ਨਹੀਂ ਵੱਜੀ। ਬਰੌਡਵਿਊ ਆਰ.ਸੀ.ਐੱਮ.ਪੀ. ਮੁਤਾਬਕ ਮੁਢਲੀ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਦੋ ਟਰੱਕਾਂ ਦੀ ਆਪਸ ਟੱਕਰ ਹੋਈ , ਤੀਜਾ ਟਰੱਕ ਹਾਈਵੇਅ ਤੋਂ ਖਤਾਨਾਂ ਵਿਚ ਉਤਰ ਗਿਆ ਪਰ ਇਹ ਸਪਸ਼ਟ ਨਹੀਂ ਹੋ ਸਕਿਆ ਤੀਜਾ ਟਰੱਕ ਹਾਦਸੇ ਮਗਰੋਂ ਹਾਈਵੇਅ ਤੋਂ ਉੱਤਰਿਆ ਜਾਂ ਟੱਕਰ ਤੋਂ ਬਚਣ ਲਈ ਡਰਾਈਵਰ ਨੇ ਕੱਟ ਮਾਰਿਆ। ਉਹ ਆਪਣੇ ਪਿੱਛੇ ਬਜ਼ੁਰਗ ਮਾਂ, ਪਤਨੀ ਅਤੇ 5 ਸਾਲ ਤੇ 3 ਸਾਲ ਦੀਆਂ ਧੀਆਂ ਛੱਡ ਗਿਆ ਹੈ। ਆਰ.ਸੀ.ਐੱਮ.ਪੀ. ਵੱਲੋਂ ਜਾਨ ਗਵਾਉਣ ਵਾਲੇ ਡਰਾਈਵਰ ਦੀ ਸ਼ਨਾਖ਼ਤ ਜਨਤਕ ਨਹੀਂ ਕੀਤੀ ਗਈ ਅਤੇ ਸਿਰਫ਼ ਐਨਾ



ਦੱਸਿਆ ਕਿ ਉਸ ਦੀ ਉਮਰ 33 ਸਾਲ ਹੈ ਤੇ ਉਹ ਵਿਨੀਪੈਗ ਵਿਚ ਰਹਿੰਦਾ ਸੀ ਜਿਸ ਦੇ ਪਰਵਾਰ ਨੂੰ ਹਾਦਸੇ ਬਾਰੇ ਇਤਲਾਹ ਦੇ ਦਿੱਤੀ ਗਈ। ਦੂਜੇ ਪਾਸੇ ਮਨਪ੍ਰੀਤ ਕੌਰ ਵੱਲੋਂ ਸੰਥਾਪਤ ਗੋਫੰਡਮੀ ਪੇਜ ਮੁਤਾਬਕ ਹਾਦਸੇ ਦੌਰਾਨ ਜਾਨ ਗਵਾਉਣ ਵਾਲਾ ਇੰਦਰਜੀਤ ਸਿੰਘ ਵਿਨੀਪੈਗ ਨਾਲ ਸਬੰਧਿਤ ਸੀ। ਇੰਦਰਜੀਤ ਸਿੰਘ ਦੀ ਬਜ਼ੁਰਗ ਮਾਂ, ਪਤਨੀ ਅਤੇ ਧੀਆਂ ਪੰਜਾਬ ਵਿਚ ਰਹਿੰਦੇ ਹਨ ਜਿਸ ਦੇ ਮੱਦੇਨਜ਼ਰ ਉਸ ਦੀ ਮ੍ਰਿਤਕ ਦੇਹ ਭਾਰਤ ਭੇਜਣ ਲਈ ਆਰਥਿਕ ਸਹਾਇਤਾ ਦੀ ਮੰਗ ਕੀਤੀ ਗਈ ਹੈ। ਅਚਨਚੇਤ ਵਾਪਰੀ ਇਸ ਤਰਾਸਦੀ ਨੇ ਪਰਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਦੇਸ਼ ’ਚ ਬਣੀਆਂ 205 ਦਵਾਈਆਂ ਦੇ ਸੈਂਪਲ ਹੋਏ ਫੇਲ੍ਹ

**ਨਵੀਂ ਦਿੱਲੀ ।** ਕੇਂਦਰੀ ਦਵਾਈ ਮਿਆਰ ਕੰਟਰੋਲ ਸੰਗਠਨ (ਸੀ.ਡੀ.ਐਸ.ਸੀ.ਓ.) ਦੇ ਨਵੰਬਰ ਦੇ ਡਰੱਗ ਅਲਰਟ ਵਿੱਚ ਦੇਸ਼ ਵਿੱਚ ਬਣੀਆਂ 205 ਦਵਾਈਆਂ ਦੇ ਸੈਂਪਲ ਫੇਲ੍ਹ ਹੋ ਗਏ। ਇਨ੍ਹਾਂ ਵਿੱਚ 47 ਦਵਾਈਆਂ ਹਿਮਾਚਲ ਵਿੱਚ ਬਣੀਆਂ ਹਨ। ਇਹ ਦਵਾਈਆਂ ਬੁਖਾਰ, ਸ਼ੂਗਰ, ਦਿਲ, ਮਿਰਗੀ, ਇਨਫੈਕਸ਼ਨ ਅਤੇ ਪੇਟ ਨਾਲ ਜੁੜੀਆਂ ਬੀਮਾਰੀਆਂ ਦੇ ਇਲਾਜ ਵਿੱਚ ਵਰਤੀਆਂ ਜਾਂਦੀਆਂ ਹਨ। (ਸੀ.ਡੀ.ਐਸ.ਸੀ.ਓ.) ਵੱਲੋਂ ਜਾਰੀ ਡਰੱਗ ਅਲਰਟ ਅਨੁਸਾਰ, ਹਿਮਾਚਲ ਦੀਆਂ ਇਹ ਦਵਾਈਆਂ ਇੰਡਸਟ੍ਰੀਅਲ ਏਰੀਆ ਬੱਦੀ, ਬਰੋਟੀਵਾਲਾ, ਨਾਲਾਗੜ੍ਹ, ਸੋਲਨ, ਕਾਲਾ ਅੰਬ, ਪਾਉਂਟਾ ਸਾਹਿਬ ਅਤੇ ਊਨਾ ਵਿੱਚ ਸਥਿਤ ਫਾਰਮਾ ਯੂਨਿਟਾਂ ਵਿੱਚ ਤਿਆਰ ਕੀਤੀਆਂ ਗਈਆਂ ਸਨ। ਗੁਣਵੱਤਾ ਜਾਂਚ ਵਿੱਚ ਫੇਲ੍ਹ ਪਾਈਆਂ ਗਈਆਂ ਦਵਾਈਆਂ ਨੂੰ ‘ਨਾਟ ਆਫ ਸਟੈਂਡਰਡ ਕੁਆਲਿਟੀ’ ਐਲਾਨਿਆ ਗਿਆ ਹੈ। ਹਿਮਾਚਲ ਵਿੱਚ ਬਣੀਆਂ ਦਵਾਈਆਂ ਦੇ 35 ਸੈਂਪਲ ਸੂਬੇ ਦੀਆਂ ਲੈਬਾਰਟਰੀਆਂ ਵਿੱਚ ਅਤੇ 12 ਸੈਂਪਲ ਕੇਂਦਰੀ



ਲੈਬਾਰਟਰੀਆਂ ਵਿੱਚ ਫੇਲ੍ਹ ਪਾਏ ਗਏ। ਸਿਰਮੌਰ ਜ਼ਿਲ੍ਹੇ ਦੇ ਕਾਲਾਅੰਬ ਵਿੱਚ ਸਥਿਤ ਇੱਕ ਕੰਪਨੀ ਦੇ ਪੰਜ ਸੈਂਪਲ ਫੇਲ੍ਹ ਹੋਏ ਹਨ। ‘ਨਾਟ ਆਫ਼ ਸਟੈਂਡਰਡ ਕੁਆਲਿਟੀ’ ਐਲਾਨੀਆਂ ਗਈਆਂ ਦਵਾਈਆਂ ਵਿੱਚ ਪੈਰਾਸਿਟਾਮੋਲ, ਮੈਟਫਾਰਮਿਨ, ਕਲੋਪਿਡੋਗ੍ਰੇਲ, ਐਸਪਿਰਿਨ, ਰੈਮੀਪ੍ਰਿਲ, ਸੋਡੀਅਮ ਵੈਲਪ੍ਰੋਏਟ, ਮੈਬੇਵੇਰਿਨ ਹਾਈਡ੍ਰੋਕਲੋਰਾਈਡ, ਟੈਲਮੀਸਾਰਟਨ, ਕਲੈਰਿਥ੍ਰੋਮਾਈਸਿਨ, ਸੈਫਿਕਸਾਈਮ ਅਤੇ ਜੈਂਟਾਮਾਈਸਿਨ ਇੰਜੈਕਸ਼ਨ ਵਰਗੀਆਂ ਦਵਾਈਆਂ ਸ਼ਾਮਲ ਹਨ। ਇਹ ਦਵਾਈਆਂ ਟਾਈਫਾਈਡ, ਫੇਫੜਿਆਂ ਅਤੇ ਮੂਤਰ ਇਨਫੈਕਸ਼ਨ, ਖੰਘ, ਅਸਥਮਾ, ਐਲਰਜੀ ਅਤੇ ਪਾਚਨ ਤੰਤਰ ਨਾਲ ਜੁੜੀਆਂ ਬੀਮਾਰੀਆਂ ਦੇ ਇਲਾਜ ਵਿੱਚ ਦਿੱਤੀਆਂ ਜਾਂਦੀਆਂ ਹਨ। ਹਿਮਾਚਲ ਵਿੱਚ ਜਿਨ੍ਹਾਂ ਜ਼ਿਲ੍ਹਿਆਂ ਦੀਆਂ ਕੰਪਨੀਆਂ ਦੀਆਂ ਦਵਾਈਆਂ ਫੇਲ੍ਹ ਹੋਈਆਂ ਹਨ, ਉਨ੍ਹਾਂ ਵਿੱਚ ਸੋਲਨ ਜ਼ਿਲ੍ਹੇ ਦੀਆਂ 28, ਸਿਰਮੌਰ ਦੀਆਂ 18 ਅਤੇ ਊਨਾ ਦੀ ਇੱਕ ਕੰਪਨੀ ਸ਼ਾਮਲ ਹੈ। ਸਾਰੀਆਂ ਸਬੰਧਤ ਕੰਪਨੀਆਂ ਨੂੰ ਨੋਟਿਸ ਜਾਰੀ ਕਰ ਦਿੱਤੇ ਗਏ ਹਨ। ਹਿਮਾਚਲ ਦੇ ਡਰੱਗ ਕੰਟਰੋਲਰ ਮਨੀਸ਼ ਕਪੂਰ ਅਨੁਸਾਰ, ਡਰੱਗ ਅਲਰਟ ਵਿੱਚ ਜਿਨ੍ਹਾਂ ਉਦਯੋਗਾਂ ਦੀਆਂ ਦਵਾਈਆਂ ਦੇ ਸੈਂਪਲ ਫੇਲ੍ਹ ਹੋਏ ਹਨ, ਉਨ੍ਹਾਂ ਸਾਰੀਆਂ ਕੰਪਨੀਆਂ ਨੂੰ ਨੋਟਿਸ ਜਾਰੀ ਕੀਤੇ ਜਾਣਗੇ। ਸਬੰਧਤ ਦਵਾਈਆਂ ਦਾ ਸਟਾਕ ਬਾਜ਼ਾਰ ਵਿੱਚ ਨਾ ਭੇਜਣ ਦੇ ਨਿਰਦੇਸ਼ ਦਿੱਤੇ ਜਾਣਗੇ। ਜਿਨ੍ਹਾਂ ਕੰਪਨੀਆਂ ਦੀਆਂ ਦਵਾਈਆਂ ਦੇ ਸੈਂਪਲ ਵਾਰ-ਵਾਰ ਫੇਲ੍ਹ ਹੋ ਰਹੇ ਹਨ, ਉਨ੍ਹਾਂ ਦੀ ਪਹਿਚਾਣ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ (ਸੀ.ਡੀ.ਐਸ.ਸੀ.ਓ.) ਹਰ ਮਹੀਨੇ ਡਰੱਗ ਅਲਰਟ ਜਾਰੀ ਕਰਦਾ ਹੈ। ਦੇਸ਼ ਸਮੇਤ ਹਿਮਾਚਲ ਵਿੱਚ ਹਰ ਮਹੀਨੇ ਵੱਡੀ ਗਿਣਤੀ ਵਿੱਚ ਦਵਾਈਆਂ ਦੇ ਸੈਂਪਲ ਫੇਲ੍ਹ ਹੋ ਰਹੇ ਹਨ। ਸੂਬਾ ਸਰਕਾਰ ਅਤੇ ਡਰੱਗ ਕੰਟਰੋਲਰ ਵਿਭਾਗ ਦੇ ਸਾਰੇ ਦਾਅਵਿਆਂ ਦੇ ਬਾਵਜੂਦ ਸੈਂਪਲ ਵਾਰ-ਵਾਰ ਫੇਲ੍ਹ ਹੋ ਰਹੇ ਹਨ। ਇਹ ਸਿੱਧੇ ਤੌਰ ਤੇ ਮਰੀਜ਼ਾਂ ਦੀ ਜਾਨ ਨਾਲ ਖਿਲਵਾੜ ਹੈ। ਡਰੱਗ ਅਲਰਟ ਅਨੁਸਾਰ, ਹਿਮਾਚਲ ਤੋਂ ਇਲਾਵਾ ਉੱਤਰਾਖੰਡ ਵਿੱਚ 39, ਗੁਜਰਾਤ ਵਿੱਚ 27, ਮੱਧ ਪ੍ਰਦੇਸ਼ ਵਿੱਚ 19, ਤਮਿਲਨਾਡੂ ਵਿੱਚ 12, ਹਰਿਆਣਾ ਵਿੱਚ 9, ਤੇਲੰਗਾਨਾ ਅਤੇ ਚੇਨਈ ਦੀਆਂ 7-7, ਸਿੱਕਿਮ ਅਤੇ ਪੁਡੂਚੇਰੀ ਦੀਆਂ 5-5 ਦਵਾਈਆਂ ਦੇ ਸੈਂਪਲ ਫੇਲ੍ਹ ਹੋਏ ਹਨ।

## ਬਿਹਾਰ ਦੇ ਮੁੱਖ ਮੰਤਰੀ ਨੀਤੀਸ਼ ਕੁਮਾਰ ਦੀ ਸੱਸ ਦਾ ਹੋਇਆ ਅੰਮਿਤ ਸਸਕਾਰ



**ਪਟਨਾ।** ਬਿਹਾਰ ਦੇ ਮੁੱਖ ਮੰਤਰੀ ਨੀਤੀਸ਼ ਕੁਮਾਰ ਦੀ ਸੱਸ ਵਿਦਿਆਵਤੀ ਦੇਵੀ ਦਾ 90 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਉਹ ਲੰਬੇ ਸਮੇਂ ਤੋਂ ਗੰਭੀਰ ਰੂਪ ਵਿੱਚ ਬੀਮਾਰ ਚੱਲ ਰਹੇ ਸਨ ਅਤੇ ਪਟਨਾ ਸਥਿਤ ਆਈ. ਜੀ. ਆਈ. ਐਮ. ਐਸ. ਵਿੱਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ। ਬੀਤੀ ਸ਼ਾਮ ਕਰੀਬ 6:40 ਵਜੇ ਉਨ੍ਹਾਂ ਨੇ ਆਖਰੀ ਸਾਹ ਲਏ। ਅੱਜ ਪਟਨਾ ਦੇ ਬਾਂਸ ਘਾਟ ਵਿੱਚ ਵਿਦਿਆਵਤੀ ਦੇਵੀ ਦਾ ਅੰਤਿਮ ਸਸਕਾਰ ਕੀਤਾ ਗਿਆ। ਮੁੱਖ ਮੰਤਰੀ ਨੀਤੀਸ਼ ਕੁਮਾਰ ਆਪਣੇ ਪੁੱਤਰ ਨਿਸ਼ਾਂਤ ਕੁਮਾਰ ਦੇ ਨਾਲ ਬਾਂਸ ਘਾਟ ਪਹੁੰਚੇ ਅਤੇ ਆਪਣੀ ਸੱਸ ਨੂੰ ਅੰਤਿਮ ਵਿਦਾਈ ਦਿੱਤੀ। ਅੰਤਿਮ ਸਸਕਾਰ ਦੌਰਾਨ ਪੂਰੀ ਮਰਿਆਦਾ ਅਤੇ ਧਾਰਮਿਕ ਰਸਮਾਂ ਨਿਭਾਈਆਂ ਗਈਆਂ। ਇਸ ਮੌਕੇ ਬਿਹਾਰ ਸਰਕਾਰ ਦੇ ਮੰਤਰੀ ਅਸ਼ੋਕ ਚੌਧਰੀ ਸਮੇਤ ਪਰਿਵਾਰ ਦੇ ਹੋਰ ਮੈਂਬਰ, ਰਿਸ਼ਤੇਦਾਰ ਅਤੇ ਕਰੀਬੀ ਲੋਕ ਵੀ ਮੌਜੂਦ ਸਨ। ਵਿਦਿਆਵਤੀ ਦੇਵੀ ਪਿਛਲੇ ਕਾਫ਼ੀ ਸਮੇਂ ਤੋਂ ਅਸਵਸਥ ਸਨ। ਪਿਛਲੇ ਕਰੀਬ ਦੋ ਮਹੀਨਿਆਂ ਤੋਂ ਉਹ ਹਸਪਤਾਲ ਵਿੱਚ ਦਾਖਲ ਸਨ। ਉਮਰ ਨਾਲ ਸਬੰਧਤ ਕਈ ਬੀਮਾਰੀਆਂ ਕਾਰਨ ਉਨ੍ਹਾਂ ਦੀ ਹਾਲਤ ਗੰਭੀਰ ਬਣੀ ਹੋਈ ਸੀ। ਖ਼ਾਸ ਗੱਲ ਇਹ ਰਹੀ ਕਿ ਨੀਤੀਸ਼ ਕੁਮਾਰ ਦੇ ਪੁੱਤਰ ਨਿਸ਼ਾਂਤ ਕੁਮਾਰ ਲਗਭਗ ਹਰ ਸ਼ਾਮ ਹਸਪਤਾਲ ਜਾ ਕੇ ਆਪਣੀ ਨਾਨੀ ਦਾ ਹਾਲ-ਚਾਲ ਪੁੱਛਦੇ ਸਨ। ਵਿਦਿਆਵਤੀ ਦੇਵੀ ਦੇ ਦੇਹਾਂਤ ਤੋਂ ਬਾਅਦ ਸੂਬੇ ਦੇ ਸਿਆਸੀ ਅਤੇ ਸਮਾਜਿਕ ਹਲਕਿਆਂ ਵਿੱਚ ਸੋਗ ਪ੍ਰਗਟਾਇਆ ਜਾ ਰਿਹਾ ਹੈ। ਕਈ ਮੰਤਰੀਆਂ ਅਤੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਇਸ ਦੁਖਦਾਈ ਘਟਨਾ ਤੇ ਡੂੰਘੀ ਹਮਦਰਦੀ ਪ੍ਰਗਟ ਕੀਤੀ ਹੈ ਅਤੇ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ ਹੈ।

## ਫਿਲਮ ‘ਧੁਰੰਧਰ’ ਨੇ ਰਿਕਾਰਡ ਤੋੜੇ; ਬਾਕਸ ਆਫਿਸ ’ਤੇ 500 ਕਰੋੜ ਰੁਪਏ ਦਾ ਅੰਕੜਾ ਪਾਰ

**ਨਵੀਂ ਦਿੱਲੀ।** ਰਣਵੀਰ ਸਿੰਘ ਦੇ ਮੁੱਖ ਕਿਰਦਾਰ ਤੇ ਆਦਿਤਿਆ ਧਰ ਦੀ ਨਿਰਦੇਸ਼ਿਤ ਫਿਲਮ ‘ਧੁਰੰਧਰ’ ਨੇ ਘਰੇਲੂ ਬਾਕਸ ਆਫਿਸ ’ਤੇ 500 ਕਰੋੜ ਰੁਪਏ ਦਾ ਅੰਕੜਾ ਪਾਰ ਕਰ ਲਿਆ ਹੈ। ਇਹ ਫਿਲਮ 5 ਦਸੰਬਰ ਨੂੰ ਰਿਲੀਜ਼ ਹੋਈ ਸੀ ਜਿਸ ਵਿੱਚ ਸੰਜੇ ਦੱਤ, ਅਕਸ਼ੈ ਖੰਨਾ, ਅਰਜੁਨ ਰਾਮਪਾਲ, ਸਾਰਾ ਅਰਜੁਨ, ਆਰ ਮਾਧਵਨ ਅਤੇ ਰਾਕੇਸ਼ ਬੇਦੀ ਸਹਿ ਅਦਾਕਾਰ ਹਨ। ਇਹ ਫਿਲਮ ਅਤਿਵਾਦੀ ਘਟਨਾਵਾਂ ’ਤੇ ਆਧਾਰਿਤ ਹੈ। ਇਸ ਫਿਲਮ ਦੇ ਪ੍ਰੋਡਕਸ਼ਨ ਬੈਨਰ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ’ਤੇ ਇੱਕ ਪੋਸਟ ਨਾਲ ਇਹ ਖ਼ਬਰ ਸਾਂਝੀ ਕੀਤੀ ਕਿ ਫਿਲਮ 503.20 ਕਰੋੜ ਰੁਪਏ ਦਾ ਕਾਰੋਬਾਰ ਕਰ ਚੁੱਕੀ ਹੈ। ਉਨ੍ਹਾਂ ਲਿਖਿਆ, ‘ਇੱਕ ਹੋਰ ਦਿਨ,



ਇੱਕ ਹੋਰ ਰਿਕਾਰਡ ਟੁੱਟ ਗਿਆ! ਆਪਣੀਆਂ ਟਿਕਟਾਂ ਬੁੱਕ ਕਰੋ। (ਲਿੰਕ ਬਾਇਓ ਵਿੱਚ)। #ਧੁਰੰਧਰ ਇਗਨਾਈਟਿੰਗ ਇਨ ਸਿਨੇਮਾਜ਼ ਵਰਲਡਵਾਈਡ।’

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਾਕੂਵਾਲਾ ਵਿਖੇ ਮਾਪੇ ਅਧਿਆਪਕ ਮਿਲਣੀ ਦਾ ਸਫ਼ਲ ਆਯੋਜਨ ਕੀਤਾ ਗਿਆ



**ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)–** 20 ਦਸੰਬਰ 2025- ਅੱਜ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਾਕੂਵਾਲਾ ਵਿਖੇ ਸਕੂਲ ਪ੍ਰਿੰਸੀਪਲ ਮੈਡਮ ਰੇਨੂ ਬਾਲਾ ਦੀ ਅਗਵਾਈ ਹੇਠ ਮੈਗਾ ਮਾਪੇ ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵਿਦਿਆਰਥੀਆਂ ਦੇ ਨਵੰਬਰ ਪ੍ਰੀਖਿਆ ਨਤੀਜੇ ਐਲਾਨੇ ਗਏ। ਇਸ ਸਮੇਂ, ਵਿਭਾਗ ਦੀਆਂ ਹਦਾਇਤਾਂ ਅਨੁਸਾਰ ਐਸ ਐਮ ਸੀ ਟ੍ਰੇਨਿੰਗ ਕਰਵਾਈ ਗਈ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਤੋਂ ਜਾਣੂ ਕਰਵਾਇਆ ਗਿਆ। ਇਸ ਦੇ ਨਾਲ ਹੀ ਵਿਭਾਗ ਵੱਲੋਂ ਭੇਜੇ ਗਏ ਪੈਂਫ਼ਲੇਟ ਮਾਪਿਆਂ ਨੂੰ ਵੰਡੇ ਗਏ। ਪ੍ਰਿੰਸੀਪਲ ਮੈਡਮ ਰੇਨੂ ਬਾਲਾ ਜੀ ਨੇ ਇਸ ਮੈਗਾ ਮਾਪੇ ਅਧਿਆਪਕ ਮਿਲਣੀ ਦੇ ਸਫਲਤਾਪੂਰਵਕ ਆਯੋਜਨ ਤੇ ਕਿਹਾ ਕਿ ਇਸ ਤਰ੍ਹਾਂ ਦੀਆਂ ਮੈਗਾ ਮਾਪੇ ਅਧਿਆਪਕ ਮਿਲਣੀਆਂ ਦੇ ਆਯੋਜਨ ਨਾਲ ਮਾਤਾ ਪਿਤਾ ਨੂੰ ਆਪਣੇ ਬੱਚਿਆਂ ਦੀ ਕਾਰਗੁਜਾਰੀ ਦੀ ਨਿਰੰਤਰ ਜਾਣਕਾਰੀ ਮਿਲਦੀ ਰਹਿੰਦੀ ਹੈ ਅਤੇ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਮਾਤਾ ਪਿਤਾ ਨੂੰ ਜਾਣਕਾਰੀ ਮਿਲਦੀ ਹੈ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ਼ ਮੌਜੂਦ ਸੀ।

# ਸਾਹਿਬਜ਼ਾਦਿਆਂ ਦੀ ਯਾਦ ਵਿੱਚ ਕੋਰਟ ਕੰਪਲੈਕਸ ਵਿੱਚ ਲਾਇਆ ਖੂਨਦਾਨ ਕੈਂਪ ,54 ਨੇ ਕੀਤਾ ਖੂਨਦਾਨ



**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਬਾਰ ਐਸੋਸੀਏਸ਼ਨ ਡੇਰਾਬੱਸੀ ਅਤੇ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ, ਮੋਹਾਲੀ ਦੇ ਸਾਂਝੇ ਉਪਰਾਲੇ ਤਹਿਤ ਸ਼ਨੀਵਾਰ ਨੂੰ ਡੇਰਾਬੱਸੀ ਕੋਰਟ ਕੰਪਲੈਕਸ ਵਿੱਚ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਨੂੰ ਸਮਰਪਿਤ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਵਿੱਚ ਸੈਸ਼ਨ ਜੱਜ ਸ੍ਰੀ ਅਤੁਲ ਕਸਾਨਾ ਅਤੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ (CJM) ਸ਼੍ਰੀਮਤੀ ਸ਼ੁਰਭੀ ਪ੍ਰਾਸ਼ਰ ਨੇ ਮੁੱਖ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸਿਵਲ ਜੱਜ (ਸੀਨੀਅਰ ਡਿਵਿਜ਼ਨ) ਸ਼੍ਰੀਮਤੀ ਨਵਰੀਤ ਕੌਰ, ਜੱਜ ਸ਼੍ਰੀਮਤੀ ਪਰਣੀਤ ਕੌਰ ਅਤੇ ਜੱਜ ਸ਼੍ਰੀਮਤੀ ਗੁਰਪ੍ਰੀਤ ਕੌਰ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜ਼ਰ ਰਹੇ। ਬਾਰ ਐਸੋਸੀਏਸ਼ਨ ਡੇਰਾਬੱਸੀ ਦੇ ਪ੍ਰਧਾਨ ਵਿਕਰਮਜੀਤ ਸਿੰਘ ਦੱਪਰ ਨੇ ਦੱਸਿਆ ਕਿ ਬਾਰ ਐਸੋਸੀਏਸ਼ਨ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮਾਜ ਸੇਵਾ ਦੇ ਤਹਿਤ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਅੱਜ ਦੇ ਕੈਂਪ ਦੌਰਾਨ ਕੁੱਲ 54 ਵਿਅਕਤੀਆਂ ਨੇ ਸਵੈਇਛਿਕ ਤੌਰ 'ਤੇ ਖੂਨਦਾਨ ਕੀਤਾ। ਇਸ ਮੌਕੇ ਖੂਨਦਾਨ ਕਰਨ ਵਾਲੇ ਦਾਨੀਆਂ ਨੂੰ ਟ੍ਰਾਫੀ ਅਤੇ ਸਰਟੀਫਿਕੇਟ ਦੇ ਕੇ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ।

ਪ੍ਰਧਾਨ ਵੱਲੋਂ ਮੁੱਖ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਰਕਾਰੀ ਹਸਪਤਾਲ ਸੈਕਟਰ-32, ਚੰਡੀਗੜ੍ਹ ਦੀ ਮੈਡੀਕਲ ਟੀਮ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ ਗਿਆ, ਜਿਨ੍ਹਾਂ ਨੇ ਸ਼ਿਵਿਰ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

ਇਸ ਮੌਕੇ ਉਪ-ਪ੍ਰਧਾਨ ਰਾਮ ਧੀਮਾਨ ਅਤੇ ਸਕੱਤਰ ਇੰਦਰਪਾਲ ਸਿੰਘ ਖਾਰੀ ਵੱਲੋਂ ਮਹਿਮਾਨਾਂ ਨੂੰ ਗੁਲਦਸਤੇ ਭੇਟ ਕੀਤੇ ਗਏ। ਬਾਰ ਦੀ ਏਗਜ਼ਿਕਿਊਟਿਵ ਟੀਮ ਵਿੱਚੋਂ ਜੋਇੰਟ ਸਕੱਤਰ ਸ਼੍ਰੀਮਤੀ ਸੀਮਾ ਧੀਮਾਨ ਅਤੇ ਖ਼ਜ਼ਾਨਚੀ ਹਰਪ੍ਰੀਤ ਸਿੰਘ ਵੀ ਹਾਜ਼ਰ ਰਹੇ।

ਸ਼ਿਵਿਰ ਦੌਰਾਨ ਵਕੀਲ ਰਾਜਬੀਰ ਸਿੰਘ ਮੁੰਦਰਾ, ਅਮਰਿੰਦਰ ਸਿੰਘ ਨਾਂਵਾ, ਪਰਦੀਪ ਰਾਣਾ, ਨਿਤਿਨ ਕੌਸ਼ਲ, ਜਗਤਾਰ ਸਿੰਘ ਬੱਛਲ, ਜਗਤਾਰ ਸਿੰਘ ਜਨੇਟਪੁੱਟ, ਅਸ਼ਮਿੰਦਰ ਸਿੰਘ, ਗੁਰਜੰਟ ਚੌਹਾਨ, ਅੰਕਿਤ ਰਾਣਾ, ਰਾਜੇਸ਼ ਸਾਗਰ ਸਮੇਤ ਕਈ ਸੀਨੀਅਰ ਵਕੀਲ ਮੌਕੇ 'ਤੇ ਮੌਜੂਦ ਰਹੇ।

# ਬੱਚੇ ਨੂੰ ਚੰਗੇ ਸ਼ਹਿਰੀ ਬਣਾਉਣ ਲਈ ਅਧਿਆਪਕ ਅਤੇ ਮਾਪਿਆਂ ਵਿਚਕਾਰ ਨੇੜਤਾ ਹੋਣਾ ਬਹੁਤ ਜ਼ਰੂਰੀ - ਰੁਚੀ ਬਾਵਾ

## ਬੱਚਿਆਂ ਦੇ ਅਧਿਕਾਰਾਂ ਨੂੰ ਲੈ ਕੇ ਹੋਈ ਅਹਿਮ ਮੀਟਿੰਗ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮਨੁੱਖੀ ਅਧਿਕਾਰ ਦਿਵਸ ਦੇ ਮੌਕੇ ਅੱਜ ਰੁਚੀ ਬਾਵਾ ਉਪ-ਚੇਅਰਮੈਨ ਬਾਲ ਸੁਰੱਖਿਆ ਅਧਿਕਾਰ ਕਮਿਸ਼ਨ ਪੰਜਾਬ ਚੰਡੀਗੜ੍ਹ ਦੀ ਅਗਵਾਈ ਹੇਠ ਲੁਧਿਆਣਾ ਵਿੱਚ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਵੱਖ-ਵੱਖ ਖੇਤਰਾਂ ਵਿੱਚ ਮੁਹਾਰਤ ਰੱਖਣ ਵਾਲੇ ਮਾਹਿਰਾਂ ਨੇ ਹਿੱਸਾ ਲਿਆ। ਮੀਟਿੰਗ ਦਾ ਕੇਂਦਰੀ ਥੀਮ ਬੱਚੇ ਦੇ ਅਧਿਕਾਰਾਂ ਉੱਪਰ ਕੇਂਦਰਿਤ ਰਿਹਾ। ਇਸ ਮੌਕੇ ਸ਼੍ਰੀਮਤੀ ਰੁਚੀ ਬਾਵਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀ ਸਮਾਜ ਦੇ ਬੱਚਿਆਂ ਨੂੰ ਸੰਸਾਰ ਪੱਧਰ 'ਤੇ ਸਮੇਂ ਦੇ ਹਾਣੀ ਬਣਾਉਣ ਲਈ ਜਿੱਥੇ ਉਨ੍ਹਾਂ ਲਈ ਆਧੁਨਿਕ ਪੱਧਰ ਦਾ ਸਿੱਖਿਆ ਢਾਂਚਾ ਜ਼ਰੂਰੀ ਹੈ, ਉਥੇ ਉਹਨਾਂ ਲਈ ਉਨ੍ਹਾਂ ਨੂੰ ਅਧਿਕਾਰਾਂ ਤੋਂ ਜਾਣੂ ਕਰਵਾਉਣਾ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਬੱਚਿਆਂ ਨੂੰ ਇੱਕ ਚੰਗੇ ਸ਼ਹਿਰੀ ਬਣਾਉਣ ਲਈ ਕੇਵਲ ਇੱਕ ਅਧਿਆਪਕ ਦੀ ਹੀ ਵੱਡੀ ਜ਼ਿੰਮੇਵਾਰੀ ਨਹੀਂ ਬਲਕਿ ਮਾਪਿਆਂ ਅਤੇ ਸਮੁੱਚੇ ਸਮਾਜ ਦੀ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਅੱਗੇ ਕਿਹਾ ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਦੇ ਬਸਤੇ ਖੋਲ੍ਹ ਕੇ ਕਿਤਾਬਾਂ /ਕਾਪੀਆਂ ਉੱਪਰ ਝਾਤੀ ਜ਼ਰੂਰ ਮਾਰਨ ਤਾਂ ਜੋ ਪਤਾ ਲੱਗ ਸਕੇ ਕਿ ਕੀ ਬੱਚਾ ਸਕੂਲ ਦਾ ਕੰਮ ਕਰਦਾ ਹੈ ਜਾਂ ਨਹੀਂ। ਉਨ੍ਹਾਂ ਅੱਗੇ ਕਿਹਾ ਹੁਣ ਬੱਚੇ ਨੂੰ ਕੁੱਟ ਕੇ, ਮਾਰ ਕੇ ਨਹੀਂ ਬਲਕਿ ਵਿਦੇਸ਼ਾਂ ਦੀ ਤਰ੍ਹਾਂ ਤਕਨੀਕੀ ਢੰਗ ਨਾਲ ਬੱਚੇ ਨੂੰ ਪੜ੍ਹਾਇਆ ਅਤੇ ਸਮਝਾਇਆ ਜਾ ਸਕਦਾ ਹੈ। ਇਸ ਮੌਕੇ ਮਾਹਿਰਾਂ ਨੇ ਸ਼੍ਰੀਮਤੀ ਬਾਵਾ ਕੋਲ ਮਾਮਲਾ ਉਠਾਉਂਦਿਆਂ ਦੱਸਿਆ ਕਿ ਬੱਚਿਆਂ ਨੂੰ ਵਰਦੀ ਲਈ ਜੋ



**ਬਾਲ ਅਧਿਕਾਰਾਂ ਸਬੰਧੀ ਹੋਈ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਰੁਚੀ ਬਾਵਾ ਉਪ-ਚੇਅਰਮੈਨ ਬਾਲ ਸੁਰੱਖਿਆ ਅਧਿਕਾਰ ਕਮਿਸ਼ਨ ਪੰਜਾਬ।**

ਗ੍ਰਾਂਟ ਭੇਜੀ ਜਾਂਦੀ ਹੈ, ਦੇ ਵਿੱਚ ਯੋਗ ਵਾਧਾ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ 500-600 ਰੁਪਏ ਨਾਲ ਬੱਚੇ ਦੀ ਵਰਦੀ ਨਹੀਂ ਖਰੀਦੀ ਜਾ ਸਕਦੀ। ਇਸ ਮੌਕੇ ਸਾਰਾ ਸਾਲ ਅਧਿਆਪਕਾਂ ਦੀਆਂ ਲਗਾਈਆਂ ਜਾ ਰਹੀਆਂ ਗੈਰ-ਵਿੱਦਿਅਕ ਡਿਊਟੀਆਂ ਉੱਪਰ ਰੋਕ ਲਗਾਉਣ ਜਾਂ ਘੱਟ ਕਰਨ ਲਈ ਵੀ ਸਿੱਖਿਆ ਮਾਹਿਰਾਂ ਵੱਲੋਂ ਆਵਾਜ਼ ਉਠਾਈ ਗਈ। ਮੀਟਿੰਗ ਦੌਰਾਨ ਇਸ ਗੱਲ ਉਪਰ ਚਿੰਤਾ ਪ੍ਰਗਟਾਈ ਗਈ ਕਿ ਕਈ ਸਕੂਲਾਂ ਵਿੱਚ ਬੱਚੇ ਲੜਾਈ-ਝਗੜੇ ਲਈ ਆਪਣੇ ਨਾਲ ਛੁਰੀਆਂ, ਕਿਰਚਾਂ ਤੇ ਦਾਤ ਵਗੈਰਾ ਲੈ ਕੇ ਆਉਂਦੇ ਹਨ ਜਿਸ ਨਾਲ ਸਕੂਲ ਅਤੇ ਸਮਾਜ ਦਾ ਮਾਹੌਲ ਖਰਾਬ ਹੁੰਦਾ ਹੈ, ਦੀ ਰੋਕਥਾਮ ਲਈ ਸਕੂਲਾਂ ਵਿੱਚ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਲਈ ਮਾਨਸਿਕ ਰੋਗਾਂ ਦੇ ਮਾਹਿਰਾਂ ਦੇ ਸੈਮੀਨਾਰ ਬਹੁਤ ਜ਼ਰੂਰੀ ਹੈ। ਇਸ ਮੌਕੇ ਮੀਟਿੰਗ ਵਿੱਚ ਬੱਚਿਆਂ ਵਿੱਚ ਕਿਰਤ ਦਾ ਸਤਿਕਾਰ ਕਰਨ ਸਮੇਤ ਅਧਿਆਪਕਾਂ, ਬਜ਼ੁਰਗਾਂ ਅਤੇ ਮਾਪਿਆਂ ਪ੍ਰਤੀ ਘੱਟ ਰਹੇ ਸਤਿਕਾਰ ਦੀ ਭਾਵਨਾ ਪੈਦਾ ਕਰਨ ਲਈ ਅਜਿਹੇ ਪਾਠ-ਕ੍ਰਮ ਸ਼ਾਮਲ ਕਰਨ ਉੱਪਰ ਜ਼ੋਰ ਦਿੱਤਾ ਗਿਆ, ਜੋ ਬੱਚੇ ਨੂੰ ਸਮੇਂ ਦਾ ਹਾਣੀ ਬਣਾਉਣ ਦੇ ਨਾਲ ਨਾਲ ਇੱਕ ਚੰਗਾ ਸ਼ਹਿਰੀ ਬਣਾਉਣ ਲਈ ਸੇਧ ਦੇਵੇ। ਇਸ ਮੌਕੇ ਸਿੱਖਿਆ ਸ਼ਾਸ਼ਤਰੀ ਕਿਰਨ ਗੁਪਤਾ, ਪ੍ਰੋਫੈਸਰ ਦੀਪਕ ਮਲਿਕ, ਐਡਵੋਕੇਟ ਸ਼ਮਸ਼ੀਰਪਾਲ ਸਿੰਘ, ਸਟੇਟ ਅਵਾਰਡੀ ਸੁਖਦੇਵ ਸਿੰਘ ਅਤੇ ਵਿਦਿਆਰਥਣ ਤਮੰਨਾ ਕੌਰ ਅਤੇ ਸਾਈਕਾਲੋਜਿਸਟ ਸਾਨਵੀ ਮਲਿਕ ਨੇ ਆਪਣੇ ਵਿਚਾਰ ਪੇਸ਼ ਕੀਤੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਕੈਂਸਰ ਵਰਗੀਆਂ ਬਿਮਾਰੀਆਂ ਲਈ ਸਾਡਾ 'ਪ੍ਰਬੰਧਕ ਢਾਂਚਾ' ਜ਼ਿੰਮੇਂਵਾਰ : ਡਾਕਟਰ ਦਰਸ਼ਨ ਪਾਲ

**ਸਾਬਕਾ ਵਿਦਿਆਰਥੀ ਆਗੂ ਤੇ ਪੱਤਰਕਾਰ ਸੁਖਵਿੰਦਰ ਸਿੰਘ ਦੀ ਮਾਤਾ ਸੁਰਜੀਤ ਕੌਰ ਨਮਿਤ ਸ਼ਰਧਾਂਜਲੀ ਸਮਾਗਮ ਮੌਕੇ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ**



**ਸੰਗਰੂਰ।** ਵੱਖ ਵੱਖ ਅਦਾਰਿਆਂ ਨਾਲ ਕੰਮ ਕਰ ਚੁੱਕੇ ਫਰੀਲਾਂਸ ਪੱਤਰਕਾਰ ਅਤੇ ਸਾਬਕਾ ਵਿਦਿਆਰਥੀ ਆਗੂ ਸੁਖਵਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਦੀ ਮਾਤਾ ਸੁਰਜੀਤ ਕੌਰ ਨਮਿਤ ਸ਼ਰਧਾਂਜਲੀ ਸਮਾਗਮ ਸੰਗਰੂਰ ਵਿਖੇ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪ੍ਰਧਾਨ ਡਾਕਟਰ ਦਰਸ਼ਨ ਪਾਲ ਨੇ ਕਿਹਾ ਕਿ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਸਾਡੇ ਰਾਜਨੀਤਿਕ,ਸਮਾਜਿਕ ਪ੍ਰਬੰਧਕ ਦੀ ਦੇਣ ਹਨ। ਉਹਨਾਂ ਕਿਹਾ ਕਿ ਸਰਕਾਰਾਂ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਨ ਦੇ ਦਾਅਵੇ ਜ਼ਰੂਰ ਕਰਦੀਆਂ ਹਨ ਪਰ ਹਕੀਕਤ ਇਹ ਹੈ ਕਿ ਸਾਡੇ ਸਿਹਤ ਪ੍ਰਬੰਧ ਵਿੱਚ ਇਹਨਾਂ ਬਿਮਾਰੀਆਂ ਦਾ ਪਤਾ ਲਾਉਣ ਲਈ ਸਮੇਂ ਸਿਰ ਟੈਸਟਾਂ ਅਤੇ ਸਕੈਨ ਕਰਾਉਣ ਦੀ ਵਿਵਸਥਾ ਨਹੀਂ ਹੈ, ਜਿਸ ਕਾਰਨ ਮਨੁੱਖ ਨੂੰ ਮੁੱਢਲੀ ਸਟੇਜ 'ਤੇ ਇਸ ਤਰ੍ਹਾਂ ਦੀਆਂ ਬਿਮਾਰੀਆਂ ਦਾ ਪਤਾ ਹੀ ਨਹੀਂ ਲੱਗਦਾ ਤੇ ਜਦੋਂ ਤੱਕ ਇਹਨਾਂ ਬਿਮਾਰੀਆਂ ਦਾ ਪਤਾ ਲੱਗਦਾ ਹੈ ਉਦੋਂ ਤੱਕ ਇਹ ਬਿਮਾਰੀਆਂ ਸਾਡੇ ਸਰੀਰ ਦਾ ਕਾਫੀ ਨੁਕਸਾਨ ਕਰ ਚੁੱਕੀਆਂ ਹੁੰਦੀਆਂ ਹਨ। ਉਹਨਾਂ ਕਿਹਾ ਕਿ ਸਾਡੀਆਂ ਸਰਕਾਰਾਂ ਨੂੰ ਸਿਹਤ ਢਾਂਚੇ ਦੇ ਸੁਧਾਰ ਲਈ ਯਤਨ ਕਰਨੇ ਚਾਹੀਦੇ ਹਨ। ਹਰ ਵਿਅਕਤੀ ਦੇ ਮੁੱਢਲੇ ਟੈਸਟ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਹੋਣ ਦੀ ਸੁਵਿਧਾ ਹੋਣੀ ਚਾਹੀਦੀ ਹੈ ਤਾਂ ਕਿ ਲੋਕਾਂ ਨੂੰ ਇਹਨਾਂ ਬਿਮਾਰੀਆਂ ਪ੍ਰਤੀ ਸਮੇਂ ਸਿਰ ਪਤਾ ਲੱਗ ਸਕੇ। ਉਹਨਾਂ ਕਿਹਾ ਕਿ ਸਾਡਾ ਪ੍ਰਦੂਸ਼ਤ ਵਾਤਾਵਰਨ ਅਤੇ ਅਖੌਤੀ ਹਰੀ ਕ੍ਰਾਂਤੀ ਦੇ ਨਾਮ ਹੇਠ ਖੇਤੀ ਖੇਤਰ ਵਿੱਚ ਥੋਪੀਆਂ ਬੇਲੋੜੀਆਂ ਰੇਹਾਂ, ਸਪਰੇਹਾਂ ਇਹਨਾਂ ਭਿਆਨਕ ਬਿਮਾਰੀਆਂ ਪੈਦਾ ਹੋਣ ਦੀ ਬੁਨਿਆਦ ਬਣ ਰਹੀਆਂ ਹਨ। ਇਸ ਮੌਕੇ ਸੰਬੋਧਨ ਕਰਦਿਆਂ ਜਮਹੂਰੀ ਅਧਿਕਾਰ ਸਭਾ ਦੇ ਜਿਲ੍ਹਾ ਆਗੂ ਕੁਲਵਿੰਦਰ ਬੰਟੀ ਨੇ ਦੱਸਿਆ ਕਿ ਭਰ ਜੁਆਨੀ ਵਿੱਚ ਵਿਧਵਾ ਹੋਈ ਮਾਤਾ ਸੁਰਜੀਤ ਕੌਰ ਨੇ ਆਪਣੀ ਜਿੰਦਗੀ ਵਿੱਚ ਬਹੁਤ ਸਾਰੀਆਂ ਤੰਗੀਆਂ-ਤੁਰਸ਼ੀਆਂ ਦਾ ਸਾਹ-ਮਣਾ ਕਰਦਿਆਂ ਬੱਚਿਆਂ ਨੂੰ ਸਿਰਫ ਵਧੀਆ ਪੜ੍ਹਾਈ ਹੀ ਨਹੀਂ ਕਰਵਾਈ ਬਲਕਿ ਆਪਣੇ ਤਿੰਨੇ ਬੱਚਿਆਂ ਨੂੰ ਸਮਾਜ ਨੂੰ ਬਿਹਤਰ ਬਨਾਉਣ ਵਿੱਚ ਯੋਗਦਾਨ ਪਾਉਣ ਵਾਲੇ ਰਸਤੇ ਉੱਪਰ ਵੀ ਤੋਰਿਆ। ਉਨ੍ਹਾਂ ਕਿਹਾ ਕਿ ਇਹ ਮਾਤਾ ਜੀ ਦਾ ਯੋਗਦਾਨ ਹੀ ਸੀ ਕਿ ਉਹਨਾਂ ਦਾ ਪੂਰਾ ਪਰਿਵਾਰ ਸਮਾਜਿਕ ਕੰਮਾਂ ਵਿੱਚ ਲੱਗਿਆ ਹੋਇਆ ਹੈ।ਇਸ ਮੌਕੇ ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਜੈ ਸਿੰਘ ਛਿੱਬਰ , ਚੰਡੀਗੜ੍ਹ ਪ੍ਰੈਸ ਕਲੱਬ ਦੇ ਪ੍ਰਧਾਨ ਸੌਰਵ ਦੁੱਗਲ ਸਮੇਤ ਦਰਜਨਾਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਸ਼ੋਕ ਸੰਦੇਸ਼ ਭੇਜੇ ਗਏ। ਇਸ ਮੌਕੇ ਜਮਹੂਰੀ ਅਧਿਕਾਰ ਸਭਾ ਦੇ ਆਗੂ ਬਸ਼ੇਸ਼ਰ ਰਾਮ, ਵਿਸਾਖਾ ਸਿੰਘ, ਨਰਦੇਵ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਪਰਗਟ ਕਾਲਾਝਾੜ, ਮੇਜਰ ਉਪਲੀ, ਕ੍ਰਾਂਤੀਕਾਰੀ ਸੱਭਿਆਚਾਰਕ ਕੇਂਦਰ ਦੇ ਆਗੂ ਗੁਰਮੀਤ ਸਿੰਘ ਜੱਜ,ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਆਗੂ ਜਗਰਾਜ ਹਰਦਾਸਪੁਰਾ, ਸਾਬਕਾ ਵਿਦਿਆਰਥੀ ਆਗੂ ਨਰਿੰਦਰ ਜਹਾਂਗੀਰ, ਪ੍ਰਕਾਸ਼ ਸਿੰਘ, ਬਹਾਲ ਸਿੰਘ, ਸ਼ਮਿੰਦਰ ਸਿੰਘ, ਨਵਕਿਰਨ ਸਿੰਘ, ਪਰਮਿੰਦਰ ਮਾਨਸਾ, ਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ,ਕਿਸਾਨ ਆਗੂ ਅਵਤਾਰ ਸਿੰਘ ਕੌਰਜੀਵਾਲਾ,ਗੁਰਪ੍ਰੀਤ ਸਿੰਘ ਗੋਪੀ,ਨਰਿੰਦਰ ਨਿੰਦੀ ਆਦਿ ਹਾਜਰ ਸਨ।

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**9417422349**

# ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਫਰੀ ਅੱਖਾਂ ਦਾ ਚੈੱਕ- ਅਪ ਅਤੇ ਆਪਰੇਸ਼ਨ ਕੈਂਪ ਲਗਾਇਆ ਗਿਆ




**ਰਾਏਕੋਟ ਗੁਰਭਿੰਦਰ ਗੁਰੀ**
ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਵੱਲੋਂ ਪੰਜਾਬ ਆਈ ਹਸਪਤਾਲ ਰਾਏਕੋਟ ( ਯੂਨਿਟ ਆਫ ਅਗਰਵਾਲ ਆਈ ਹਸਪਤਾਲ)ਦੇ ਸਹਿਯੋਗ ਨਾਲ ਫਰੀ ਅੱਖਾਂ ਦਾ ਚੈੱਕ ਅਪ ਅਤੇ ਆਪਰੇਸ਼ਨ ਕੈਂਪ ਲਗਾਇਆ ਗਿਆ। ਇਹ ਕੈਂਪ ਸਥਾਨਕ ਸੰਤ ਨਿਰੰਕਾਰੀ ਸਤਿਸੰਗ ਭਵਨ ਵਿਖੇ ਲਗਾਇਆ ਗਿਆ। ਇਸ ਮੌਕੇ ਰਾਏਕੋਟ ਬਰਾਂਚ ਦੇ ਸੰਯੋਜਕ ਡਾਕਟਰ ਅਵਤਾਰ ਸਿੰਘ ਨੇ ਕਿਹਾ ਕਿ ਇਸ ਕੈਂਪ ਵਿੱਚ 108 ਮਰੀਜ਼ਾਂ ਦੀਆਂ ਅੱਖਾਂ ਦਾ ਚੈਕ- ਅਪ ਕੀਤਾ ਗਿਆ ਅਤੇ 21 ਅਪਰੇਸ਼ਨ ਪੰਜਾਬ ਆਈ ਹਸਪਤਾਲ ਵਿਖੇ ਕੀਤੇ ਗਏ। ਇਸ ਮੌਕੇ ਉਹਨਾਂ ਕਿਹਾ ਕਿ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦਾ ਕਹਿਣਾ ਹੈ ਕਿ ਨਿਰੰਕਾਰੀ ਮਿਸ਼ਨ ਹਮੇਸ਼ਾ ਮਨੁੱਖਤਾ ਦੀ ਸੇਵਾ ਲਈ ਤਿਆਰ ਰਹਿੰਦਾ ਹੈ। ਮਨੁੱਖਤਾ ਦੀ ਸੇਵਾ ਹੀ ਪਰਮਾਤਮਾ ਦੀ ਸੇਵਾ ਹੈ। ਮਨੁੱਖ ਨੂੰ ਦੂਸਰਿਆਂ ਵਾਸਤੇ ਆਪਣੀਆਂ ਸੇਵਾਵਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ। ਪਰਮਾਤਮਾ ਤਦ ਹੀ ਖੁਸ਼ ਹੁੰਦਾ ਹੈ। ਇਸ ਮੌਕੇ ਇਲ-ਾਕੇ ਦੇ ਲੋਕਾਂ ਵੱਲੋਂ ਇਸ ਕੈਂਪ ਵਿੱਚ ਵੱਧ ਚੜ ਕੇ ਸ਼ਮੂਲੀਅਤ ਕੀਤੀ ਗਈ।

# ਬੀਐਲਕੇ-ਮੈਕਸ ਹਸਪਤਾਲ ਵੱਲੋਂ ਐਕਸਕਲੂਸਿਵ ਕਾਰਡੀਅਕ ਓਪੀਡੀ ਸੇਵਾਵਾਂ ਦੀ ਸ਼ੁਰੂਆਤ




**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਬੀਐਲਕੇ-ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਨਵੀਂ ਦਿੱਲੀ ਨੇ ਲੁਧਿਆਣਾ ਦੇ ਅਰੋੜਾ ਨਿਊਰੋ ਸੈਂਟਰ ਵਿੱਚ ਆਪਣੀਆਂ ਐਕਸਕਲੂਸਿਵ ਕਾਰਡੀਓਲੋਜੀ ਓਪੀਡੀ ਸੇਵਾਵਾਂ ਦੀ ਸ਼ੁਰੂਆਤ ਕੀਤੀ। ਇਸ ਓਪੀਡੀ ਦਾ ਉਦਘਾਟਨ ਬੀਐਲਕੇ-ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਨਵੀਂ ਦਿੱਲੀ ਦੇ ਬੀਐਲਕੇ-ਮੈਕਸ ਹਾਰਟ ਐਂਡ ਵੈਸਕੂਲਰ ਇੰਸਟੀਚਿਊਟ ਦੇ ਚੇਅਰਮੈਨ ਅਤੇ ਐਚਓਡੀ ਅਤੇ ਇਲੈਕਟ੍ਰੋਫਿਜ਼ੀਓਲੋਜੀ ਵਿਭਾਗ ਦੇ ਚੇਅਰਮੈਨ (ਪੈਨ ਮੈਕਸ) ਡਾ: ਟੀ.ਐਸ.ਕਲੇਰ, ਇੰਟਰਨੈਸ਼ਨਲ ਕਾਰਡੀਓਲੋਜਿਸਟ ਡਾ: ਜਸਵਿੰਦਰ ਸਿੰਘ ਅਤੇ ਅਰੋੜਾ ਨਿਊਰੋ ਸੈਂਟਰ, ਲੁਧਿਆਣਾ ਦੇ ਮੈਨੇਜਿੰਗ ਡਾਇਰੈਕਟਰ ਡਾ: ਓ.ਪੀ.ਅਰੋੜਾ ਦੀ ਮੌਜੂਦਗੀ ਵਿੱਚ ਕੀਤਾ ਗਿਆ।

ਡਾ: ਟੀ.ਐਸ.ਕਲੇਰ ਅਤੇ ਡਾ: ਜਸਵਿੰਦਰ ਸਿੰਘ ਹਰ ਮਹੀਨੇ ਦੇ ਦੂਜੇ ਵੀਰਵਾਰ ਅਤੇ ਚੌਥੇ ਸ਼ਨੀਵਾਰ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਅਰੋੜਾ ਨਿਊਰੋ ਸੈਂਟਰ, ਲੁਧਿਆਣਾ ਵਿੱਚ ਉਪਲਬਧ ਰਹਿਣਗੇ, ਜਿੱਥੇ ਉਹ ਮਰੀਜ਼ਾਂ ਨੂੰ ਪ੍ਰਾਇਮਰੀ ਕਨਸਲਟੇਸ਼ਨ ਅਤੇ ਫਾਲੋ-ਅੱਪ ਸੇਵਾਵਾਂ ਪ੍ਰਦਾਨ ਕਰਨਗੇ।

ਇਸ ਮੌਕੇ 'ਤੇ ਡਾ: ਟੀ.ਐਸ.ਕਲੇਰ ਨੇ ਕਿਹਾ, "ਅਕਸਰ ਲੋਕ ਦਿਲ ਨਾਲ ਸੰਬੰਧਿਤ ਸ਼ੁਰੂਆਤੀ ਲੱਛਣਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ, ਜਦ ਤੱਕ ਸਮੱਸਿਆ ਗੰਭੀਰ ਨਹੀਂ ਹੋ ਜਾਂਦੀ। ਕੋਰੋਨਰੀ ਆਰਟਰੀ ਡਿਜ਼ੀਜ਼ ਦੇ ਸ਼ੁਰੂਆਤੀ ਸੰਕੇਤਾਂ ਵਿੱਚ ਛਾਤੀ ਵਿੱਚ ਦਰਦ, ਦਬਾਅ ਜਾਂ ਭਾਰਾਪਨ (ਐਂਜਾਈਨਾ), ਜਬਾੜੇ, ਖੱਬੇ ਮੋਢੇ, ਬਾਂਹ, ਕੋਹਣੀ ਜਾਂ ਪਿੱਠ ਵਿੱਚ ਦਰਦ, ਸਾਹ ਘੱਟ ਆਉਣਾ, ਠੰਢਾ ਪਸੀਨਾ, ਮਚਲੀ, ਥਕਾਵਟ, ਚੱਕਰ ਆਉਣਾ ਜਾਂ ਬੇਹੋਸ਼ੀ ਸ਼ਾਮਲ ਹੋ ਸਕਦੇ ਹਨ। ਇਨ੍ਹਾਂ ਓਪੀਡੀ ਸੇਵਾਵਾਂ ਰਾਹੀਂ ਸਾਡਾ ਮਕਸਦ ਦਿਲ ਦੀ ਬਿਮਾਰੀ ਦੀ ਸਮੇਂ-ਸਿਰ ਪਛਾਣ ਦੀ ਮਹੱਤਤਾ ਬਾਰੇ ਜਾਗਰੂਕਤਾ ਵਧਾਉਣਾ ਅਤੇ ਬਿਹਤਰ ਇਲਾਜੀ ਨਤੀਜੇ ਯਕੀਨੀ ਬਣਾਉਣਾ ਹੈ।ਡਾ: ਟੀ.ਐਸ.ਕਲੇਰ ਨੇ ਅੱਗੇ ਕਿਹਾ, "ਦਿਲ ਦੀਆਂ ਬਿਮਾਰੀਆਂ ਦਾ ਪ੍ਰਭਾਵਸ਼ਾਲੀ ਪ੍ਰਬੰਧ ਸਿਰਫ਼ ਦਵਾਈਆਂ ਤੱਕ ਸੀਮਿਤ ਨਹੀਂ ਹੈ, ਇਸ ਲਈ ਇੱਕ ਹੋਲਿਸਟਿਕ ਦ੍ਰਿਸ਼ਟੀਕੋਣ ਬਹੁਤ ਜ਼ਰੂਰੀ ਹੈ। ਦਿਲ-ਸਿਹਤਮੰਦ ਜੀਵਨਸ਼ੈਲੀ ਜਿਵੇਂ ਕਿ ਸੰਤੁਲਿਤ ਖੁਰਾਕ, ਨਿਯਮਿਤ ਕਸਰਤ, ਪੂਰੀ ਨੀਂਦ ਅਤੇ ਧੂਮਰਪਾਨ ਤੋਂ ਦੂਰ ਰਹਿਣਾ, ਜਟਿਲਤਾਵਾਂ ਨੂੰ ਰੋਕਣ ਅਤੇ ਬਿਹਤਰ ਨਤੀਜਿਆਂ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਦਵਾਈਆਂ ਮਦਦਗਾਰ ਹੋ ਸਕਦੀਆਂ ਹਨ, ਪਰ ਲੰਬੇ ਸਮੇਂ ਲਈ ਦਿਲ ਦੀ ਸਿਹਤ ਰੋਜ਼ਾਨਾ ਦੀਆਂ ਚੰਗੀਆਂ ਆਦਤਾਂ ਅਤੇ ਸਹੀ ਚੋਣਾਂ ਨਾਲ ਹੀ ਬਣਦੀ ਹੈ। ਮਰੀਜ਼ਾਂ ਨੂੰ ਆਪਣੀ ਜੀਵਨਸ਼ੈਲੀ ਦੀ ਜ਼ਿੰਮੇਵਾਰੀ ਲੈਣ ਲਈ ਪ੍ਰੇਰਿਤ ਕਰਨਾ ਕਿਸੇ ਵੀ ਪ੍ਰਿਸਕ੍ਰਿਪਸ਼ਨ ਜਿੰਨਾ ਹੀ ਜ਼ਰੂਰੀ ਹੈ।

ਅਰੋੜਾ ਨਿਊਰੋ ਸੈਂਟਰ, ਲੁਧਿਆਣਾ ਦੇ ਮੈਨੇਜਿੰਗ ਡਾਇਰੈਕਟਰ ਡਾ: ਓ.ਪੀ.ਅਰੋੜਾ ਨੇ ਕਿਹਾ, "ਅਰੋੜਾ ਨਿਊਰੋ ਸੈਂਟਰ, ਲੁਧਿਆਣਾ ਨੂੰ ਬੀਐਲਕੇ-ਮੈਕਸ ਹਸਪਤਾਲ ਦੇ ਪ੍ਰਸਿੱਧ ਕਾਰਡੀਓਲੋਜਿਸਟ ਡਾ: ਟੀ.ਐਸ.ਕਲੇਰ ਨਾਲ ਸਾਂਝ ਬਣਾਉਣ 'ਤੇ ਮਾਣ ਹੈ। ਇਹ ਸਹਿਯੋਗ ਖੇਤਰ ਵਿੱਚ ਉੱਚ-ਗੁਣਵੱਤਾ ਅਤੇ ਮਰੀਜ਼-ਕੇਂਦਰਿਤ ਹੈਲਥਕੇਅਰ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਬੀਐਲਕੇ-ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਨਵੀਂ ਦਿੱਲੀ ਵਿੱਚ ਜਟਿਲ ਦਿਲੀ ਮਾਮਲਿਆਂ ਲਈ ਨਰਸਰੀ ਕੇਅਰ ਉਪਲਬਧ ਹੈ, ਜਿਸ ਵਿੱਚ ਇੰਟਰਵੈਂਸ਼ਨਲ ਅਤੇ ਮੈਡੀਕਲ ਮੈਨੇਜਮੈਂਟ ਦੋਵੇਂ ਸ਼ਾਮਲ ਹਨ। ਇੱਥੇ 24ਣ7 ਆਧੁਨਿਕ ਕਾਰਡੀਅਕ ਸੁਵਿਧਾਵਾਂ ਉਪਲਬਧ ਹਨ, ਜਿਸ ਕਾਰਨ ਇਹ ਹਸਪਤਾਲ ਕਾਰਡੀਅਕ ਕੇਅਰ ਲਈ ਇੱਕ ਸੈਂਟਰ ਆਫ਼ ਐਕਸੀਲੈਂਸ ਵਜੋਂ ਸਥਾਪਿਤ ਹੈ। ਇਸਦੇ ਨਾਲ ਹੀ ਇੱਥੇ ਡਿਵਾਈਸ ਇੰਪਲਾਂਟੇਸ਼ਨ ਅਤੇ ਲੀਡਲੈੱਸ ਪੇਸਮੇਕਰ ਵਰਗੀਆਂ ਉੱਚ ਪੱਧਰੀ ਅਤੇ ਜਟਿਲ ਪ੍ਰਕਿਰਿਆਵਾਂ ਵਿੱਚ ਵੀ ਵਿਸ਼ੇਸ਼ ਮੁਹਾਰਤ ਮੌਜੂਦ ਹੈ।

# ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਨੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ 03 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ 02 ਪਿਸਤੌਲ ਅਤੇ 05 ਰੌਂਦ ਕੀਤੇ ਬਰਾਮਦ

## ਪੁਲਿਸ ਨੇ ਦੋਸ਼ੀਆਂ ਵੱਲੋਂ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਕੀਤਾ ਕਾਬੂ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਜਿਲ੍ਹਾ ਸਹੀਦ ਭਗਤ ਸਿੰਘ ਨਗਰ ਪੁਲਿਸ ਵੱਲੋਂ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਅਤੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਲੁਧਿਆਣਾ ਰੇਂਜ, ਲੁਧਿਆਣਾ ਦਿਸਾ ਨਿਰਦੇਸ਼ਾਂ ਤਹਿਤ ਮਾੜੇ ਅਨਸਰਾਂ ਅਤੇ ਗੈਂਗਸਟਰਾ ਖਿਲਾਫ ਗਈ ਚਲਾਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ 03 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸ 02 ਪਿਸਤੌਲ ਅਤੇ 05 ਰੌਦ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਤੁਸ਼ਾਰ ਗੁਪਤਾ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਸ਼ਹੀਦ ਭਗਤ ਸਿੰਘ ਨਗਰ ਨੇ ਦੱਸਿਆ ਕਿ ਕਪਤਾਨ ਪੁਲਿਸ (ਜਾਂਚ), ਸ਼ਹੀਦ ਭਗਤ ਸਿੰਘ ਨਗਰ ਦੀ ਨਿਗਰਾਨੀ ਹੇਠ ਐਸ.ਆਈ ਪ੍ਰਗਟ ਸਿੰਘ ਸੀ.ਆਈ.ਏ ਸਟਾਫ, ਨਵਾਂਸ਼ਹਿਰ ਦੀ ਪੁਲਿਸ ਪਾਰਟੀ ਗਸਤ ਥਾਂ ਚੈਕਿੰਗ ਸ਼ੱਕੀ ਪੁਰਸਾਂ ਦੇ ਸਬੰਧ ਵਿੱਚ ਪਿੰਡ ਕਰੀਹਾ ਪੁੱਜੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਨਨੀਸ ਕੁਮਾਰ ਉਰਫ ਮਨੀਸ ਕੁਮਾਰ ਨੀਸ਼ਾ ਪੁੱਤਰ ਸੁਨੀਤ ਦੱਤ ਵਾਸੀ ਜਾਡਲਾ ਹਾਲ ਵਾਸੀ ਵੈਸਟ ਚੁਗੀਟੀ ਜਲੰਧਰ, ਰਾਜ ਕੁਮਾਰ ਉਰਹ



ਰਾਜਾ ਪੁੱਤਰ ਰਾਮ ਲੁਭਾਇਆ ਵਾਸੀ ਪਿੰਡ ਮੁਰਾਰ ਥਾਣਾ ਸੁਭਾਨਪੁਰ ਜਿਲ੍ਹਾ ਕਪੂਰਥਲਾ ਅਤੇ ਸਾਹਿਲ ਪੁੱਤਰ ਸਨੀ ਵਾਸੀ ਪਿੰਡ ਹਮੀਰਾ ਥਾਣਾ ਸੁਭਾਨਪੁਰ ਜਿਲ੍ਹਾ ਕਪੂਰਥਲਾ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਨੀਯਤ ਨਾਲ ਗੈਰਕਾਨੂੰਨੀ ਅਸਲਿਆਂ ਸਮੇਤ ਪਿੰਡ ਮੱਲਪੁਰ ਅੜਕਾਂ ਵਾਲੀ ਨਹਿਰ ਵਾਲੇ ਪਾਸੇ ਘੁੰਮ ਰਹੇ ਹਨ, ਜਿਸ ਤੇ ਸੂਚਨਾ ਭਰੋਸੇਯੋਗ ਹੋਣ ਤੇ ਮੁਕਦਮਾ ਨੰਬਰ 206 ਮਿਤੀ 19-12-2025 ਅ/ਧ 25 ਅਸਲਾ ਐਕਟ-1959 ਥਾਣਾ ਸਦਰ ਨਵਾਂਸ਼ਹਿਰ ਦਰਜ ਰਜਿਸਟਰ ਕੀਤਾ ਗਿਆ। ਐਸਆਈ ਪ੍ਰਗਟ ਸਿੰਘ ਦੀ ਪੁਲਿਸ ਪਾਰਟੀ ਵੱਲੋਂ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਜੱਬੋਵਾਲ ਨਹਿਰ ਨਜਦੀਕ ਬੇ-ਅਬਾਦ ਜਗ੍ਹਾ ਤੋਂ ਹੇਠ ਲਿਖੇ ਦੋਸੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

ਨਨੀਸ਼ ਕੁਮਾਰ ਉਰਫ ਮਨੀਸ ਕੁਮਾਰ ਨੀਸਾ ਪੁੱਤਰ ਸੁਨੀਤ ਦੱਤ ਵਾਸੀ ਜਾਡਲਾ ਹਾਲ ਵਾਸੀ ਵੈਸਟ ਜੁਗੀਟੀ ਜਲੰਧਰ (ਉਮਰ 34 ਸਾਲ) ਅਤੇ ਰਾਜ ਕੁਮਾਰ ਉਰਫ ਰਾਜਾ ਪੁੱਤਰ ਰਾਮ ਲੁਭਾਇਆ ਵਾਸੀ ਪਿੰਡ ਮੁਰਾਰ ਥਾਣਾ ਸੁਭਾਨਪੁਰ ਜਿਲ੍ਹਾ ਕਪੂਰਥਲਾ ਉਮਰ 27 ਅਤੇ ਸਾਹਿਲ ਪੁੱਤਰ ਸਨੀ ਵਾਸੀ ਪਿੰਡ ਹਮੀਰਾ ਥਾਣਾ ਸੁਭਾਨਪੁਰ ਜਿਲ੍ਹਾ ਕਪੂਰਥਲਾ ਉਮਰ 25 ਸਾਲ ਅਤੇ ਉਨ੍ਹਾਂ ਕੋਲੋਂ 2 ਪਿਸਤੌਲ ਅਤੇ 05 ਰੱਦ ਬਰਾਮਦ ਕੀਤੇ ਅਤੇ ਮੁੱਢਲੀ ਪੁੱਛਗਿੱਛ ਦੌਰਾਨ ਦੋਸੀਆ ਨੇ ਦੱਸਿਆ ਕਿ ਪਿੰਡ ਕਰੀਮਪੁਰ ਚਾਹਵਾਲਾ ਥਾਣਾ ਪੇਜੇਵਾਲ ਵਿੱਚ ਜੋ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ, ਉੱਥੇ ਇਹਨਾਂ ਨੇ ਜਾਣਾ ਸੀ ਅਤੇ ਰਾਮ ਕੁਮਾਰ ਉਰਜ ਰਾਮਾ ਵਾਸੀ ਜਾਡਲਾ ਜਿਸ ਨਾਲ ਇਹਨਾਂ ਦੀ ਪਹਿਲਾਂ ਹੀ ਲਾਗ-ਡਾਟ ਹੈ, ਨੇ ਵੀ ਇਸ ਕਬੱਡੀ ਕੱਪ ਵਿੱਚ ਜਾਣਾ ਸੀ, ਜਿੱਥੇ ਇਹਨਾਂ ਨੇ ਰਾਮ ਕੁਮਾਰ ਉਰਫ ਰਾਮਾ ਵਾਸੀ ਜਾਡਲਾ ਦਾ ਕਤਲ ਕਰਨਾ ਸੀ, ਪੁਲਿਸ ਵੱਲੋਂ ਮੁਸਤੈਦੀ ਨਾਲ ਕਾਰਵਾਈ ਕਰਦਿਆਂ ਹੋਇਆ ਇਹਨਾ ਵੱਲੋਂ ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ ਪ੍ਰਾਪਤ ਜਾਣਕਾਰੀ ਅਨੁਸਾਰ ਨਨੀਸ ਕੁਮਾਰ ਉਰਫ ਮਨੀਸ ਕੁਮਾਰ ਦੇ ਖਿਲਾਫ 02 ਮੁਕੱਦਮੇ ਰਾਜ ਕੁਮਾਰ ਉਰਫ ਰਾਜਾ ਦੇ ਖਿਲਾਫ 03 ਮੁਕੱਦਮੇ ਅਤੇ ਸਾਹਿਲ ਦੇ ਖਿਲਾਫ 03 ਮੁਕੱਦਮੇ ਦਰਜ ਹਨ। ਰਾਜ ਕੁਮਾਰ ਉਰਫ ਰਾਜਾ ਅਤੇ ਸਾਹਿਲ ਥਾਣਾ ਸੁਭਾਨਪੁਰ ਅਤੇ ਥਾਣਾ ਕੋਤਵਾਲੀ ਜਿਲ੍ਹਾ ਕਪੂਰਥਲਾ ਪੁਲਿਸ ਨੂੰ ਵੀ ਲੋੜੀਦੇ ਹਨ। ਅਤੇ ਇਸ ਮੁਕੱਦਮੇ ਵਿੱਚ ਗ੍ਰਿਫਤਾਰ ਤਿੰਨਾਂ ਦੋਸੀਆ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਪੁਲਿਸ ਮੁਤਾਬਕ ਪੁੱਛਗਿੱਛ ਦੌਰਾਨ ਹਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਤੀਸਰਾ ਖੂਨਦਾਨ ਅਤੇ ਫ੍ਰੀ ਮੈਡੀਕਲ ਕੈਂਪ 24 ਦਸੰਬਰ ਨੂੰ ਕਾਠਗੜ੍ਹ 'ਚ ਲਗਾਇਆ ਜਾਵੇਗਾ - ਵਿੱਕੀ ਚਾਹਲ

## ਡਾ ਭੁਪਿੰਦਰਜੀਤ ਸਿੰਘ ਸੂਰੀ ਨੇ ਹਮੇਸ਼ਾ ਲੋੜਵੰਦ ਦੀ ਮਦਦ ਕੀਤੀ ਹੈ -ਵਿੱਕੀ ਚਾਹਲ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਦੇਸ਼ ਦੇ ਮਹਾਨ ਸ਼ਹੀਦਾਂ ਨੂੰ ਪੰਦਰਵਾੜੇ ਤੇ ਕੋਟਿਨ ਕੋਟਿ ਪ੍ਰਣਾਮ ਤੇ ਸ਼ਹੀਦਾਂ ਦੀ ਲਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਚਾਹਲ ਮੈਡੀਕਲ ਸਟੋਰ ਕਾਠਗੜ੍ਹ ਦੇ ਨਜ਼ਦੀਕ ਸਥਿਤ ਡੀ ਏ ਵੀ ਸੀਨੀਅਰ ਸੈਕੰਡਰੀ ਸਕੂਲ ਦੇ ਗਰਾਊਂਡ ਵਿਖੇ ਹਰ ਸਾਲ ਦੀ ਤਰ੍ਹਾਂ ਤੀਸਰਾ ਖੂਨਦਾਨ ਅਤੇ ਫ੍ਰੀ ਮੈਡੀਕਲ ਚੈੱਕਅਪ ਕੈਂਪ ਉੱਘੇ ਸਮਾਜ ਸੇਵੀ ਵਿੱਕੀ ਚਾਹਲ ਅਤੇ ਇਲਾਕੇ ਦੇ ਨੌਜਵਾਨਾਂ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਵਿੱਕੀ ਚਾਹਲ ਨੇ ਦੱਸਿਆ ਕਿ 24 ਦਸੰਬਰ ਦਿਨ ਬੁੱਧਵਾਰ ਸਵੇਰ 10 ਤੋਂ ਤਿੰਨ ਵਜੇ ਤੱਕ ਆਯੋਜਿਤ ਕੀਤਾ ਜਾ ਰਿਹਾ ਹੈ ਅਤੇ ਇਹ ਕੈਂਪ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਦੇ ਮਾਲਕ ਡਾਕਟਰ ਭੁਪਿੰਦਰ ਜੀਤ ਸਿੰਘ ਸੂਰੀ ਦੀ ਸੀਨੀਅਰ ਡਾਕਟਰਾਂ ਦੀ ਟੀਮ ਵਲੋਂ ਲਗਾਇਆ ਜਾਵੇ ਅਤੇ ਉਨ੍ਹਾਂ ਵਲੋਂ



ਮਰੀਜਾਂ ਨੂੰ ਚੈੱਕਅਪ ਕਰਕੇ ਫ੍ਰੀ ਦਵਾਈਆਂ ਦਿੱਤੀਆਂ ਜਾਣਗੀਆਂ। ਜਦਕਿ ਇਸ ਕੈਂਪ ਵਿਚ ਸੰਤ ਬਾਬਾ ਗੁਰਮੇਲ ਸਿੰਘ ਚੈਰੀਟੇਬਲ ਹਸਪਤਾਲ ਗੜ੍ਹੀ ਵਲੋਂ ਖੂਨਦਾਨ ਕੈਂਪ ਲਗਾਇਆ ਜਾਵੇਗਾ।

ਵਿੱਕੀ ਚਾਹਲ ਨੇ ਇਲਾਕੇ ਦੇ ਲੋੜਵੰਦ ਅਤੇ ਜਰੂਰਤ ਲੋਕਾਂ ਨੂੰ ਇਸ ਫ੍ਰੀ ਮੈਡੀਕਲ ਚੈੱਕਅੱਪ ਖੂਨਦਾਨ ਕੈਂਪ ਵਿਚ ਵੱਧ ਤੋਂ ਵੱਧ ਪਹੁੰਚ ਕੇ ਚੈੱਕਅਪ ਕਰਾਉਣ ਦੀ ਅਪੀਲ ਕੀਤੀ ਹੈ। ਅਤੇ ਉਨ੍ਹਾਂ ਨੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਕੇ ਖੂਨਦਾਨ ਕਰਨ ਦੀ ਅਪੀਲ ਕੀਤੀ ਹੈ। ਇਸ ਮੌਕੇ ਨਰੇਸ਼ ਕੁਮਾਰ, ਰਮੇਸ਼ ਕੁਮਾਰ, ਜਸਵੀਰ ਲਾਲ ਭੂੰਬਲਾ, ਗੁਰਪ੍ਰੀਤ ਸਿੰਘ ਹੀਰ, ਮਹਾਂਵੀਰ ਭੂੰਬਲਾ, ਠੇਕੇਦਾਰ ਪ੍ਰਵੀਨ ਕੁਮਾਰ ਚੇਚੀ ਨਿੱਘੀ, ਕਪਿਲ ਪੰਜਾਬ ਪੁਲਿਸ, ਵਿੱਕੀ ਬੰਗਾ, ਸਾਹਿਲ ਭੂੰਬਲਾ, ਸ਼ਾਮ ਲਾਲ ਆਦਿ ਮੌਜੂਦ ਸਨ।

# ਐਸ.ਕੇ.ਟੀ. ਪਲਾਂਟੇਸ਼ਨ ਟੀਮ ਨੇ ਬੂਟੇ ਲਗਾ ਕੇ ਮਨਾਇਆ ਅਸ਼ਵਨੀ ਜੋਸ਼ੀ ਦਾ 66ਵਾਂ ਜਨਮਦਿਨ

## ਸਾਫ਼ ਪਾਣੀ ਅਤੇ ਸਾਫ਼ ਹਵਾ ਤੋਂ ਬਿਨਾਂ ਮਨੁੱਖੀ ਜੀਵਨ ਅਧੂਰਾ : ਅਸ਼ਵਨੀ ਜੋਸ਼ੀ

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਵਾਤਾਵਰਣ ਸੰਭਾਲ ਨੂੰ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਬਣਾਉਣ ਦੇ ਉਦੇਸ਼ ਨਾਲ ਐਸ.ਕੇ.ਟੀ. ਪਲਾਂਟੇਸ਼ਨ ਟੀਮ ਵੱਲੋਂ ਚਲਾਏ ਜਾ ਰਹੇ "ਜਨਮਦਿਨ 'ਤੇ ਪੌਧਾਰੋਪਣ" ਅਭਿਆਨ ਤਹਿਤ ਅੱਜ ਸ਼ਹਿਰ ਦੇ ਪ੍ਰਸਿੱਧ ਵਾਤਾਵਰਨ ਪ੍ਰੇਮੀ ਅਸ਼ਵਨੀ ਜੋਸ਼ੀ ਦਾ 66ਵਾਂ ਜਨਮਦਿਨ ਪੌਧਾਰੋਪਣ ਕਰਕੇ ਮਨਾਇਆ। ਜਿਕਰਯੋਗ ਹੈ ਕਿ ਅਸ਼ਵਨੀ ਜੋਸ਼ੀ ਦਾ ਜਨਮਦਿਨ ਹਰ ਸਾਲ ਐਸ.ਕੇ.ਟੀ. ਪਲਾਂਟੇਸ਼ਨ ਟੀਮ ਵੱਲੋਂ ਪੌਧਾਰੋਪਣ ਕਰਕੇ ਵਾਤਾਵਰਣ ਨੂੰ ਸਮਰਪਿਤ ਕੀਤਾ ਜਾਂਦਾ ਹੈ। ਇਸ ਮੌਕੇ ਵਾਤਾਵਰਣ ਸੰਭਾਲ ਬਾਰੇ ਜਾਗਰੂਕਤਾ ਦਾ ਮਜ਼ਬੂਤ ਸੰਦੇਸ਼ ਦਿੱਤਾ ਗਿਆ। ਇਹ ਪੌਧਾਰੋਪਣ ਕਾਰਜਕ੍ਰਮ ਚੰਡੀਗੜ੍ਹ ਰੋਡ ਸਥਿਤ ਮਿਊਂਸਿਪਲ ਪਾਰਕ ਵਿਖੇ ਕਰਵਾਇਆ ਗਿਆ, ਜਿਸ ਵਿੱਚ ਐਸ.ਕੇ.ਟੀ. ਪਲਾਂਟੇਸ਼ਨ ਟੀਮ ਦੇ ਮੈਂਬਰਾਂ ਦੇ ਨਾਲ-ਨਾਲ ਸਕੂਲ ਆਫ਼ ਐਮੀਨੈਂਸ ਦੀਆਂ ਵਿਦਿਆਰਥਣਾਂ ਨੇ ਵੀ ਉਤਸ਼ਾਹ ਨਾਲ ਭਾਗ ਲਿਆ। ਐਸ.ਕੇ.ਟੀ. ਪਲਾਂਟੇਸ਼ਨ ਟੀਮ ਦੇ ਸੰਸਥਾਪਕ ਅੰਕੁਸ਼ ਨਿਝਾਵਨ ਨੇ ਦੱਸਿਆ ਕਿ ਲਗਭਗ 9 ਸਾਲ ਪਹਿਲਾਂ ਐਸ.ਕੇ.ਟੀ. ਪਲਾਂਟੇਸ਼ਨ ਟੀਮ ਦੀ ਸਥਾਪਨਾ ਹੀ ਵਾਤਾਵਰਣ ਪ੍ਰੇਮੀ ਅਸ਼ਵਨੀ ਜੋਸ਼ੀ ਦੀ ਪ੍ਰੇਰਣਾ ਨਾਲ ਹੋਈ ਸੀ। ਉਨ੍ਹਾਂ ਦੇ ਮਾਰਗਦਰਸ਼ਨ ਅਤੇ ਵਿਚਾਰਾਂ ਤੋਂ ਪ੍ਰੇਰਿਤ ਹੋ ਕੇ ਅੱਜ ਟੀਮ ਨਿਰੰਤਰ ਪੌਧਾਰੋਪਣ ਅਤੇ ਵਾਤਾਵਰਣ ਸੰਭਾਲ ਦੇ ਖੇਤਰ ਵਿੱਚ ਸਰਗਰਮ ਭੂਮਿਕਾ ਨਿਭਾ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸਾਲ 2010 ਵਿੱਚ ਅਸ਼ਵਨੀ ਜੋਸ਼ੀ ਵੱਲੋਂ 'ਗੋ ਗ੍ਰੀਨ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ' ਦੀ ਸਥਾਪਨਾ ਕਰਕੇ ਸਮਾਜ ਨੂੰ ਹਰਿਆਵਲੀ ਨਾਲ ਜੋੜਨ ਦਾ ਜੋ ਉਪਰਾਲਾ ਸ਼ੁਰੂ ਕੀਤਾ ਗਿਆ




ਸੀ, ਉਹ ਅੱਜ ਕਈ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਬਣ ਚੁੱਕਾ ਹੈ। ਆਪਣੇ ਸੰਦੇਸ਼ ਵਿੱਚ ਅਸ਼ਵਨੀ ਜੋਸ਼ੀ ਨੇ ਕਿਹਾ ਕਿ ਤੇਜ਼ੀ ਨਾਲ ਘਟਦੀ ਹਰਿਆਵਲੀ ਅਤੇ ਵੱਧਦਾ ਪ੍ਰਦੂਸ਼ਣ ਮਨੁੱਖੀ ਜੀਵਨ ਲਈ ਗੰਭੀਰ ਖ਼ਤਰਾ ਬਣਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਫ਼ ਪਾਣੀ ਅਤੇ ਸਾਫ਼ ਹਵਾ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਭੌਤਿਕ ਸੁਖਾਂ ਦੀ ਦੌੜ ਵਿੱਚ ਪ੍ਰਕ੍ਰਿਤੀ ਦੀ ਅਣਦੇਖੀ ਕਰਨਾ ਭਵਿੱਖ ਨਾਲ ਖੇਡਣ ਦੇ ਬਰਾਬਰ ਹੈ। ਅਸ਼ਵਨੀ ਜੋਸ਼ੀ ਨੇ ਐਸ.ਕੇ.ਟੀ. ਪਲਾਂਟੇਸ਼ਨ ਟੀਮ ਵੱਲੋਂ ਚਲਾਏ ਜਾ ਰਹੇ ਅਭਿਆਨ ਦੀ ਭਰਪੂਰ ਸਰਾਹਨਾ ਕਰਦੇ ਹੋਏ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਸਮਾਜ ਵਿੱਚ ਵਾਤਾਵਰਣ ਸੰਭਾਲ ਪ੍ਰਤੀ ਸਕਾਰਾਤਮਕ ਸੋਚ ਵਿਕਸਿਤ ਹੋ ਰਹੀ ਹੈ ਅਤੇ ਇਹ ਮੁਹਿੰਮ ਆਉਣ ਵਾਲੀਆਂ ਪੀੜ੍ਹੀਆਂ ਲਈ ਸੁੰਦਰ ਤੇ ਸਾਫ਼ ਭਵਿੱਖ ਦੀ ਮਜ਼ਬੂਤ ਨੀਂਹ ਰੱਖ ਰਹੀ ਹੈ। ਉਨ੍ਹਾਂ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਇਸ ਅਭਿਆਨ ਨਾਲ ਜੁੜ ਕੇ ਵਾਤਾਵਰਨ ਸੰਭਾਲ ਵਿੱਚ ਸਰਗਰਮ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਟੀਮ ਦੇ ਮੈਂਬਰ ਹਰਪ੍ਰੀਤ ਸਿੰਘ, ਸੁਖਵਿੰਦਰ, ਸ਼ਿਵਮ ਦੇ ਨਾਲ ਚਾਂਦਨੀ, ਦਿਸ਼ਿਕਾ, ਕਿਰਣ ਅਤੇ ਰਾਖੀ ਵੀ ਹਾਜ਼ਰ ਰਹੇ।

# ਮੈਡੀਕਲ ਪ੍ਰੈਕਟੀਸ਼ਨਰ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਸੜਕੀ ਸੁਰੱਖਿਆ ਮੁਹਿੰਮ ਤਹਿਤ ਵਾਹਨਾਂ 'ਤੇ ਲਗਾਏ ਰਿਫਲੈਕਟਰ

**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਸਰਦੀਆਂ ਦੇ ਮੌਸਮ ਵਿੱਚ ਵਧ ਰਹੀ ਸੰਘਣੀ ਧੁੰਦ ਕਾਰਨ ਹੋਣ ਵਾਲੇ ਸੜਕੀ ਹਾਦਸਿਆਂ ਨੂੰ ਰੋਕਣ ਲਈ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ (ਰਜਿ. 295) ਤਹਿਸੀਲ ਬਲਾਚੌਰ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਇੱਕ ਸਾਂਝੀ ਜਾਗਰੂਕਤਾ ਮੁਹਿੰਮ ਚਲਾਈ ਗਈ। ਉਪ ਕਪਤਾਨ ਸਬ ਡਵੀਜ਼ਨ ਬਲਾਚੌਰ ਸ਼੍ਰੀ ਹਿੰਮਤ ਮਲਹੋਤਰਾ,ਸ ਬਿਕਰਮ ਸਿੰਘ ਐਸ ਐਚ ਓ ਸਦਰ, ਜੋਗਿੰਦਰ ਪਾਲ ਟ੍ਰੈਫਿਕ ਇੰਚਾਰਜ਼,ਦੀ ਅਗਵਾਈ ਹੇਠ ਮੇਨ ਚੌਂਕ ਬਲਾਚੌਰ ਵਿਖੇ ਗੱਡੀਆਂ, ਰਿਕਸ਼ਿਆਂ ਅਤੇ ਰੇਹੜੀਆਂ ਦੇ ਪਿੱਛੇ ਰਿਫਲੈਕਟਰ ਲਗਾਏ ਗਏ, ਤਾਂ ਜੋ ਧੁੰਦ ਦੌਰਾਨ ਵਾਹਨ ਦੂਰੋਂ ਦਿਖਾਈ ਦੇ ਸਕਣ ਅਤੇ ਹਾਦਸਿਆਂ ਤੋਂ ਬਚਾਅ ਹੋ ਸਕੇ। ਇਸ ਮੁਹਿੰਮ ਦੀ ਸ਼ੁਰੂਆਤ ਤੋਂ ਪਹਿਲਾਂ ਐਸੋਸੀਏਸ਼ਨ ਦੀ ਇੱਕ ਅਹਿਮ ਮਹੀਨਾਵਾਰ ਮੀਟਿੰਗ ਡਾ. ਤਜਿੰਦਰ ਸਿੰਘ ਜੋਤ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਮੂਹ




ਮੈਂਬਰਾਂ ਨੇ ਮਨੁੱਖਤਾ ਦੀ ਸੇਵਾ ਲਈ ਪ੍ਰਸ਼ਾਸਨ ਦਾ ਸਾਥ ਦੇਣ ਦਾ ਅਹਿਦ ਲਿਆ। ਇਸ ਉਪਰੰਤ ਪੁਲਿਸ ਅਧਿਕਾਰੀਆਂ ਅਤੇ ਮੈਡੀਕਲ ਪ੍ਰੈਕਟੀਸ਼ਨਰਾਂ ਨੇ ਸਾਂਝੇ ਤੌਰ 'ਤੇ ਲੋਕਾਂ ਨੂੰ ਆਵਾਜਾਈ ਦੇ ਨਿਯਮਾਂ ਪ੍ਰਤੀ ਜਾਗਰੂਕ ਕੀਤਾ।

ਪ੍ਰਮੁੱਖ ਸ਼ਖਸੀਅਤਾਂ ਦੀ ਸ਼ਮੂਲੀਅਤ ਇਸ ਮੌਕੇ ਐਸੋਸੀਏਸ਼ਨ ਦੇ ਅਹੁਦੇਦਾਰ ਅਤੇ ਮੈਂਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ, ਜਿਨ੍ਹਾਂ ਵਿੱਚ ਡਾ. ਦਿਲਦਾਰ ਸਿੰਘ ਚਾਹਲ (ਸੂਬਾ ਉਪ ਪ੍ਰਧਾਨ ) ਡਾ ਮਨੋਹਰ ਲਾਲ ਚੇਅਰਮੈਨ ਡਾ.ਡਾ ਸੁਨੀਤਾ ਸ਼ਰਮਾ,ਗਿਆਨ ਸਿੰਘ ਜਨਰਲ ਸਕੱਤਰ,ਡਾ. ਹਰਜਿੰਦਰ ਸਿੰਘ ਕੈਸ਼ੀਅਰ, ਡਾ ਯਸ਼ਪਾਲ ਸ਼ਰਮਾ ਜ਼ਿਲ੍ਹਾ ਕਮੇਟੀ ਮੈਂਬਰ, ਡਾ ਸੁੱਚਾ ਸਿੰਘ, ਡਾ ਬਹਾਦਰ ਸਿੰਘ, ਡਾ ਅਮਰੀਕ, ਡਾ ਅੰਗਰੇਜ਼, ਡਾ ਬਲਦੇਵ ਸਿੰਘ, ਡਾ ਮਨਮੋਹਨ ਸਿੰਘ, ਡਾ ਪਿੰਕਾ, ਡਾ ਹਰਭਜਨ, ਡਾ ਪ੍ਰੇਮ ਸਿੰਘ, ਡਾ ਸਾਹਿਲ, ਡਾ ਭੁਪਿੰਦਰ, ਡਾ ਜਤਿੰਦਰ, ਡਾ ਅਸ਼ੋਕ,ਡਾ ਪਵਨ, ਹਾਜ਼ਰ ਹੋਏ ਡੀ.ਐਸ.ਪੀ. ਹਿੰਮਤ ਮਲਹੋਤਰਾ ਨੇ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਲਈ ਵਾਹਨਾਂ 'ਤੇ ਰਿਫਲੈਕਟਰ ਜ਼ਰੂਰ ਲਗਵਾਉਣ। ਦੂਜੇ ਪਾਸੇ, ਡਾ. ਤਜਿੰਦਰ ਸਿੰਘ ਜੋਤ ਨੇ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰ ਹਮੇਸ਼ਾ ਲੋਕਾਂ ਦੀ ਜਾਨ ਬਚਾਉਣ ਲਈ ਤਤਪਰ ਰਹਿੰਦੇ ਹਨ ਅਤੇ ਪ੍ਰਸ਼ਾਸਨ ਨਾਲ ਮਿਲ ਕੇ ਅਜਿਹੇ ਸਮਾਜ ਭਲਾਈ ਦੇ ਕਾਰਜ ਭਵਿੱਖ ਵਿੱਚ ਵੀ ਜਾਰੀ ਰੱਖੇ ਜਾਣਗੇ।

# ਮੰਤਰੀਆਂ,ਵਿਧਾਇਕਾਂ ਦੇ ਜਾਂਦੇ ਕਾਫਲੇ ਦੇ ਅੱਗੇ ਹੂਟਰ ਮਾਰਦੀਆਂ ਗੱਡੀਆਂ ਲੋਕਾਂ ਨੂੰ ਸਮੱਸਿਆਵਾਂ ਪੈਦਾ ਕਰਦੀਆਂ ਹਨ : ਬੇਗਮਪੁਰਾ ਟਾਈਗਰ ਫੋਰਸ

## ਪੰਜਾਬ ਦੇ ਲੋਕ ਆਪ ਦੇ ਕਾਰਜਕਾਲ ਦੌਰਾਨ ਵੱਡੀਆਂ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ : ਹੈਪੀ,ਸਤੀਸ਼, ਬੰਟੀ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ, ਜਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤੀਸ਼ ਕੁਮਾਰ ਸ਼ੇਰਗੜ੍ਹ, ਅਨਿਲ ਕੁਮਾਰ ਬੰਟੀ ਹਲਕਾ ਪ੍ਰਧਾਨ ਹਰਿਆਣਾ ਭੂੰਗਾ, ਵਿਪਨ ਕੁਮਾਰ ਬਿਹਾਲਾ ਉੱਪ ਪ੍ਰਧਾਨ ਹਲਕਾ ਚੱਬੇਵਾਲ ਤੇ ਜੱਗੀ ਜਗਰਾਉ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਜੋ ਕਿ ਵੀਆਈਪੀ ਕਲਚਰ ਖ਼ਤਮ ਕਰਨ ਦੀਆਂ ਗੱਲਾਂ ਕਰਦੀ ਸੀ ਤੇ ਹੁਣ ਆਪ ਵੀ ਰਵਾਇਤੀ ਪਾਰਟੀਆਂ ਦੀ ਤਰਾਂ ਵੀਆਈਪੀ ਕਲਚਰ ਦੀਆਂ ਲੀਹਾਂ 'ਤੇ ਚੱਲੀ ਹੋਈ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੋ ਕਿ



ਪਿਛਲੀਆਂ ਸਰਕਾਰਾਂ ਦੇ ਲੀਡਰਾਂ ਨੂੰ ਫੋਟੋਆਂ ਵਾਲੇ ਆਗੂ ਸੰਬੋਧਨ ਕਹਿਕੇ ਮਜ਼ਾਕ ਕਰਦੇ ਸਨ। ਹੁਣ ਮੁੱਖ ਮੰਤਰੀ ਬਣਨ ਤੋਂ ਬਾਅਦ ਉਹੀ ਭਗਵੰਤ ਮਾਨ ਦੀਆਂ ਥਾਂ-ਥਾਂ ਉੱਤੇ ਲੱਗੀਆਂ ਫੋਟੋਆਂ ਦੇਖ ਕੇ ਇੰਝ ਲੱਗਦਾ ਹੈ ਕਿ ਇਹ ਪਾਰਟੀ ਵੀ ਰਵਾਇਤੀ ਪਾਰਟੀਆਂ ਦੀ ਤਰਾਂ ਹੀ ਵਿਚਰ ਰਹੀ ਹੈ । ਉਹਨਾਂ ਕਿਹਾ ਕਿ ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਤੇ ਹੋਰ ਆਗੂਆਂ ਨਾਲ ਜਾਂਦੇ ਕਾਫਲੇ ਤੇ ਅੱਗੇ ਪੁਲਿਸ ਅਧਿਕਾਰੀਆਂ ਦੀਆ ਹੂਟਰ ਮਾਰਦੀਆਂ ਗੱਡੀਆਂ ਲੋਕਾਂ ਨੂੰ ਬੇਵਜ੍ਹਾ ਸਮੱਸਿਆਵਾਂ ਪੈਦਾ ਕਰਦੀਆਂ ਹਨ ਤੇ ਕਈ ਕਈ ਘੰਟਿਆਂ ਦੇ ਜਾਮ ਦਾ ਪਹਿਲਾਂ ਦੀ ਤਰ੍ਹਾਂ ਲੋਕਾਂ ਨੂੰ ਸਾਹ-ਮਣਾ ਕਰਨਾ ਪੈ ਰਿਹਾ ਹੈ । ਉਹਨਾਂ ਕਿਹਾ ਕਿ ਮੰਨਿਆ ਕਿ ਸਰਕਾਰ ਦੇ ਆਗੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਪਹਿਲ ਦੇ ਆਧਾਰ ਤੇ ਰੱਖਣਾ ਪੈਂਦਾ ਹੈ, ਜਦੋਂ ਕਿ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਉਹ ਵੀਆਈਪੀ ਕਲਚਰ ਤੋਂ ਬਿਲਕੁੱਲ ਦੂਰ ਰਹੇਗੀ ਤੇ ਨਵੀਆਂ ਪਾਲਸੀਆਂ ਲੈ ਕੇ ਆਵੇਗੀ ਅਤੇ ਜਿਸ ਨਾਲ ਲੋਕਾਂ ਨੂੰ ਰਾਹਤ ਮਿਲੇਗੀ ਤੇ ਹੁਣ ਲੋਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦਾ ਕੁਝ ਵੀ ਦੇਖਣ ਨੂੰ ਨਹੀਂ ਮਿਲ ਰਿਹਾ ! ਉਹਨਾਂ ਕਿਹਾ ਕਿ ਲੋਕਾਂ ਦੀ ਸ਼ਰੇਆਮ ਲੁੱਟ ਖਸੁੱਟ ਜਾਰੀ ਹੈ ਅਤੇ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਕਾਰਜਕਾਲ ਦੌਰਾਨ ਵੱਡੀਆਂ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ । **ਫੋਟੋ ਅਜਮੇਰ ਦੀਵਾਨਾ**

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫਤਿਹਪੁਰ ਭੱਟਲਾਂ ਵਿਖੇ ਹੋਈ ਮੈਗਾ ਮਾਪੇ- ਅਧਿਆਪਕ ਮਿਲਣੀ

## ਮਾਪੇ-ਅਧਿਆਪਕ ਮਿਲਣੀ ਵਿਦਿਆਰਥੀਆਂ ਦੇ ਭਵਿੱਖ ਲਈ ਬਹੁਤ ਲਾਹੇਵੰਦ ਸਿੱਧ ਹੋਵੇਗੀ : ਬਲਦੇਵ ਸਿੰਘ ਧੁੱਗਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)-** ਪੰਜਾਬ ਸਕੂਲ ਸਿੱਖਿਆ ਵਿਭਾਗ ਅਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਹੁਸ਼ਿਆਰਪੁਰ ਦੇ ਹੁਕਮਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਫਤਿਹਪੁਰ ਭੱਟਲਾਂ ਵਿਖੇ ਕਾਰਜਕਾਰੀ ਪ੍ਰਿੰਸੀਪਲ ਬਲਦੇਵ ਸਿੰਘ ਧੁੱਗਾ ਦੀ ਅਗਵਾਈ 'ਚ ਮੈਗਾ ਮਾਪੇ-ਅਧਿਆਪਕ ਮਿਲਣੀ ਹੋਈ। ਇਸ ਮੌਕੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਉਨ੍ਹਾਂ ਦੇ ਵਧੀਆ ਭਵਿੱਖ ਸਬੰਧੀ ਚਰਚਾ ਕੀਤੀ ਗਈ। ਇਸ ਮੌਕੇ ਕਾਰਜਕਰੀ ਪ੍ਰਿੰਸੀਪਲ ਬਲਦੇਵ ਸਿੰਘ ਧੁੱਗਾ ਨੇ ਕਿਹਾ ਕਿ ਇਹ ਮਾਪੇ-ਅਧਿਆਪਕ ਮਿਲਣੀ ਵਿਦਿਆਰਥੀਆਂ ਦੇ ਭਵਿੱਖ ਲਈ ਬਹੁਤ ਲਾਹੇਵੰਦ ਸਿੱਧ ਹੋਵੇਗੀ। ਇਸ ਮੀਟਿੰਗ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਦੇ ਮਾਪਿਆਂ ਨੇ ਕਿਹਾ ਕਿ ਇਹ ਮੈਗਾ ਅਧਿਆਪਕ-ਮਾਪੇ ਮਿਲਣੀ ਕਰਾਉਣਾ ਸਿੱਖਿਆ ਵਿਭਾਗ ਦਾ ਬਹੁਤ ਵਧੀਆ ਉਪਰਾਲਾ ਹੈ। ਇਸ ਰਾਹੀਂ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਬਾਰੇ ਪਤਾ ਲੱਗਦਾ ਹੈ। ਇਸ ਮੌਕੇ ਆਨ ਲਾਈਨ ਮਾਪਿਆਂ ਦੀ ਵਰਕਸ਼ਾਪ ਲਗਾਈ ਗਈ। ਇਸ ਮੌਕੇ ਭਰਤ ਭੂਸ਼ਣ ਚੇਅਰਮੈਨ ਸਕੂਲ ਮੈਨੇਜਮੈਂਟ ਕਮੇਟੀ, ਸਰਪੰਚ ਊਸ਼ਾ ਰਾਣੀ, ਰੂਪ ਲਾਲ, ਲੈਕਚਰਾਰ ਗੁਰਦੀਪ ਸਿੰਘ, ਲੈਕਚਰਾਰ ਜਸਵਿੰਦਰ ਸਿੰਘ ਸਹੋਤਾ, ਲੈਕਚਰਾਰ ਤਿਲਕ ਰਾਜ, ਲੈਕਚਰਾਰ ਅੰਮ੍ਰਿਤਪਾਲ ਸਿੰਘ, ਦਲਵੀਰ ਸਿੰਘ, ਦੇਵਿੰਦਰ ਸਿੰਘ, ਅਨੂਪ ਸਿੰਘ, ਲਖਵੀਰ ਸਿੰਘ, ਮੋਹਨ ਲਾਲ, ਸੁਮਨ ਬਾਲਾ, ਸਵਿਤਾ, ਮਮਤਾ ਰਾਣੀ, ਰੋਜੀ



ਸ਼ਰਮਾ ਆਦਿ ਸਮੇਤ ਐਸ. ਐਮ. ਸੀ. ਦੇ ਮੈਂਬਰਜ਼, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਹਾਜ਼ਰ ਅਤੇ ਪਤਵੰਤੇ ਸਨ। **ਫੋਟੋ ਅਜਮੇਰ ਦੀਵਾਨਾ**

# ਨਿਤੀਸ਼ ਕੁਮਾਰ ਵੱਲੋਂ ਨਿਯੁਕਤੀ ਪੱਤਰ ਲੈਣ ਆਈ ਮੁਸਲਿਮ ਡਾਕਟਰ ਲੜਕੀ ਦਾ ਖਿਜ਼ਾਬ ਉਤਾਰਨਾ ਅਤਿ ਨਿੰਦਣਯੋਗ:- ਜਮਹੂਰੀ ਅਧਿਕਾਰ ਸਭਾ

## ਘੱਟ ਗਿਣਤੀ ਨੂੰ ਜ਼ਲੀਲ ਕਰਕੇ ਭਾਰਤ ਨੂੰ ਇੱਕ ਧਰਮ ਦਾ ਰਾਸ਼ਟਰ ਬਣਾਉਣ ਵੱਲ ਵਧਦੇ ਕਦਮ

**ਸੰਗਰੂਰ**

ਪਿਛਲੇ ਦਿਨੀਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਨੌਕਰੀ ਨਿਯੁਕਤੀ ਵੰਡ ਪ੍ਰੋਗਰਾਮ ਵਿੱਚ ਨਿਯੁਕਤੀ ਪੱਤਰ ਲੈਣ ਸਮੇਂ ਮੁਸਲਿਮ ਭਾਈਚਾਰੇ ਦੀ ਡਾਕਟਰ ਲੜਕੀ ਨੂੰ ਮੂੰਹ ਨੰਗਾ ਕਰਨ ਦੇ ਬਹਾਨੇ ਉਸ ਦੇ ਖਿਜਾਬ ਨੂੰ ਉਤਾਰਨਾਂ ਅਤਿ ਨਿੰਦਣਯੋਗ ਵਰਤਾਰਾ ਹੈ। ਇਹ ਘੱਟ ਗਿਣਤੀਆਂ ਦੀ ਧਾਰਮਿਕ ਭਾਵਨਾਵਾਂ ਦਾ ਘੋਰ ਨਿਰਾਦਰ ਕਰਨਾ ਹੈ। ਸਭਾ ਦੇ ਪ੍ਰਧਾਨ ਜਗਜੀਤ ਭੂਟਾਲ,ਮੀਤ ਪ੍ਰਧਾਨ ਬਸੇਸਰ ਰਾਮ, ਸੱਕਤਰ ਕੁਲਦੀਪ ਸਿੰਘ, ਵਿੱਤ ਸਕੱਤਰ ਮਨਧੀਰ ਰਾਜੋਮਾਜਰਾ, ਕੁਲਵਿੰਦਰ ਬੰਟੀ ਧੂਰੀ ਅਤੇ ਪ੍ਰੈਸ ਸਕੱਤਰ ਜੁਝਾਰ ਸਿੰਘ ਲੌਂਗੋਵਾਲ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਨਿਯੁਕਤੀ ਪੱਤਰ ਲੈਣ ਆਈ ਮੁਸਲਿਮ ਲੜਕੀ ਦਾ ਖਿਜਾਬ ਲਾਹੁਣਾ ਅਤਿ ਨਿੰਦਣਯੋਗ ਹੈ। ਕਿਸੇ ਵੀ ਧਰਮ ਦੇ ਪਹਿਰਾਵੇ ਨੂੰ ਹੱਥ ਲਗਾਉਣਾ ਜਾਂ ਖਿੱਚਣਾ ਉਸ ਦੇ ਧਰਮ ਦੀ ਬੇਅਦਬੀ ਕਰਨਾ ਹੈ। ਚਾਹੇ ਮੁਸਲਿਮ ਲੜਕੀ ਦਾ ਖਿਜਾਬ ,ਸਿੱਖ ਲੜਕੀ ਦੀ ਚੁੰਨੀ ਜਾਂ ਸਿੱਖ ਲੜਕੇ ਦੀ ਪੱਗ,ਹੋਵੇ। ਨਿਤੀਸ਼ ਕੁਮਾਰ ਦੇ ਇਸ



ਕਾਰੇ ਨਾਲ ਉਸ ਦੀ ਘੱਟ ਗਿਣਤੀਆਂ ਪ੍ਰਤੀ ਸੋਚ ਉਜਾਗਰ ਹੁੰਦੀ ਹੈ। ਵੰਨ ਸੁਵੰਨਤਾ ਵਾਲੇ ਭਾਰਤ ਨੂੰ ਇੱਕ ਧਰਮ ਦਾ ਰਾਸ਼ਟਰ ਬਣਾਉਣ ਦੇ ਝੂਠੇ ਸੁਪਨੇ ਦਿਖਾ ਕੇ ਖੂਨ ਖਰਾਬਾ ਕਰਵਾਉਣ ਵੱਲ ਕਦਮ ਹਨ, ਜੋ ਕਿ ਫਿਰਕਾਪ੍ਰਸਤ ਹਾਕਮਾਂ ਦਾ ਮੁੱਖ ਏਜੰਡਾ ਹੈ ।

ਇਸ ਹਿਟਲਰੀ ਕਾਰੇ ਦੀ ਪ੍ਰੋੜਤਾ ਕਰਨ ਵਾਲੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਵੱਲੋਂ ਇਸ ਨੂੰ ਸਹੀ ਠਹਿਰਾਉਣ ਵਿੱਚ ਵੀ ਘੱਟ ਗਿਣਤੀਆਂ ਪ੍ਰਤੀ ਫਿਰਕੂ ਜ਼ਹਿਰ ਦੀ ਉਜਾਗਰਤਾ ਹੀ ਹੁੰਦੀ ਹੈ। ਗਿਰੀਰਾਜ ਕਹਿੰਦਾ ਹੈ ਕਿ ਨਿਯੁਕਤੀ ਪੱਤਰ ਲੈਣਾ ਲਵੇ ਨਹੀਂ ਜਹੁਨਮ ਜਾਏ। ਉਸ ਲੜਕੀ ਨੇ ਮੇਹਨਤ ਕਰਕੇ ਨੌਕਰੀ ਹਾਸਲ ਕੀਤੀ ਹੈ ,ਨੌਕਰੀਆਂ ਲਈ ਨਿਯੁਕਤੀ ਪੱਤਰ ਵਿਭਾਗੀ ਪ੍ਰਕਿਰਿਆ ਰਾਹੀਂ ਜ਼ਾਰੀ ਹੁੰਦੇ ਸਨ ਤੇ ਹੋਣ ਚਾਹੀਦੇ ਹਨ। ਇਹ ਸਰਕਾਰਾਂ ਦਾ ਇਸ ਤਰ੍ਹਾਂ ਨਿਯੁਕਤੀ ਪੱਤਰ ਦੇ ਕੇ ਸਰਕਾਰ ਦੀ ਮਸ਼ਹੂਰੀ ਕਰਨ ਲੱਗੀਆਂ ਹੋਈਆਂ ਹਨ। ਜੋ ਸਰਾਸਰ ਗਲਤ ਹੈ।ਹੁਣ ਮੁਲਕ ਵਿੱਚ ਜੋ ਮਾੜਾ ਮੋਟਾ ਲੋਕਤੰਤਰ ਦਾ ਅੰਸ਼ ਬਚਿਆ ਸੀ ਉਹ ਵੀ ਖ਼ਤਮ ਹੁੰਦਾ ਜਾ ਰਿਹਾ।

**ਜਗਜੀਤ ਭੂਟਾਲ**
**ਪ੍ਰਧਾਨ,**
**ਜਮਹੂਰੀ ਅਧਿਕਾਰ ਸਭਾ ਪੰਜਾਬ**
**ਇਕਾਈ ਸੰਗਰੂਰ**
**9872071050**

# ਇਫਟੂ ਨੇ ਨਵਾਂਸ਼ਹਿਰ ਵਿਚ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ



**ਨਵਾਂਸ਼ਹਿਰ ਵਿਖੇ ਲੇਬਰ ਕੋਡ ਦੀਆਂ ਕਾਪੀਆਂ ਸਾੜਦੇ ਹੋਏ ਇਫਟੂ ਵਰਕਰ।**

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼( ਇਫਟੂ) ਵਲੋਂ ਅੱਜ ਨਵਾਂਸ਼ਹਿਰ ਵਿਖੇ ਲੇਬਰ ਕੋਡ ਦੀਆਂ ਕਾਪੀਆਂ ਸਾੜੀਆਂ ਗਈਆਂ।ਇਸ ਮੌਕੇ ਇਫਟੂ ਦੇ ਜਿਲਾ ਸਕੱਤਰ ਪਰਵੀਨ ਕੁਮਾਰ ਨਿਰ-ਾਲਾ, ਬਬਲੂ ਕੁਮਾਰ ਸਲੋਹ ਆਦਿ ਆਗੂਆਂ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਚਾਰ ਲੇਬਰ ਕੋਡ ਦੇਸ਼ ਦੇ ਮਜ਼ਦੂਰ ਵਰਗ ਉੱਤੇ ਬਹੁਤ ਵੱਡਾ ਹਮਲਾ ਹੈ।ਇਹ ਮਜ਼ਦੂਰ ਜਮਾਤ ਕੋਲੋਂ ਉਸਦੇ ਮੁੱਢਲੇ ਅਧਿਕਾਰ ਖੋਹ ਲੈਂਦੇ ਹਨ ਜੋ ਮਜ਼ਦੂਰਾਂ ਨੇ ਦਹਾਕਿਆਂ ਤੱਕ ਸੰਘਰਸ਼ ਕਰਕੇ ਅਤੇ ਅਣਗਿਣਤ ਕੁਰਬਾਨੀਆਂ ਕਰਕੇ ਪ੍ਰਾਪਤ ਕੀਤੇ ਸਨ। ਇਹ ਮਜ਼ਦੂਰ ਜਮਾਤ ਕੋਲੋਂ ਉਸਦਾ ਯੂਨੀਅਨ ਬਣਾਉਣ ਦਾ ਹੱਕ, ਹੜਤਾਲ ਕਾਰਨ ਦਾ ਹੱਕ ਖੋਹਦੇਂ ਹਨ, ਰੁਜ਼ਗਾਰ ਸੁਰੱਖਿਆ ਉੱਤੇ ਹੱਲਾ ਬੋਲਦੇ ਹਨ।ਇਹ ਪੱਕੀਆਂ ਨੌਕਰੀਆਂ ਨੂੰ ਖ਼ਤਮ ਕਰਦੇ ਹਨ, ਕੰਮ ਸਮਾਂ ਦਿਹਾੜੀ ਅੱਠ ਘੰਟੇ ਤੋਂ ਵਧਾਕੇ 12 ਘੰਟੇ ਕਰਦੇ ਹਨ।ਇਹਨਾ ਨਾਲ ਕਿਰਤ ਵਿਭਾਗ ਦੇ ਅਧਿਕਾਰੀ ਸਿਰਫ਼ ਸਲਾਹਕਾਰ ਬਣਕੇ ਰਹਿ ਜਾਣਗੇ ਜਿਸਦਾ ਮਾਲਕਾਂ ਨੂੰ ਲਾਭ ਹੋਵੇਗਾ ਅਤੇ ਮਜਦੂਰਾਂ ਨੂੰ ਨੁਕਸਾਨ। ਆਗੂਆਂ ਨੇ ਕਿਹਾ ਕਿ ਇਹ ਕੋਡ ਕਾਰਪੋਰੇਟਰਾਂ ਵਲੋਂ ਮਜਦੂਰਾਂ ਦੀ ਮਿਹਨਤ ਸ਼ਕਤੀ ਦੀ ਬੇਕਿਰਕ ਲੁੱਟ ਕਰਨ ਲਈ ਲਿਆਂਦੇ ਗਏ ਹਨ। ਆਗੂਆਂ ਨੇ ਲੋਕਾਂ ਨੂੰ ਇਹਨਾਂ ਕੋਡਾਂ ਦਾ ਤਿੱਖਾ ਵਿਰੋਧ ਕਰਨ ਦਾ ਸੱਦਾ ਦਿੱਤਾ।

for more news visit:
www.samajweekly.com

# ਮਿੰਟਾਂ 'ਚ ਤਸਵੀਰ ਤਿਆਰ ਕਰ ਦਿੰਦਾ ਹੈ ਚੌਥੀ 'ਚ ਪੜ੍ਹਦਾ ਵਰਿੰਦਰ ਸਿੰਘ







**ਨਵਾਂਸ਼ਹਿਰ /ਕਾਠਗੜ੍ਹ, (ਜਤਿੰਦਰ ਪਾਲ ਸਿੰਘ ਕਲੇਰ )** ਕਿਸੇ ਵੀ ਕਲਾ ਦੇ ਗੁਣ ਨੂੰ ਭਾਵੇਂ ਆਪਾਂ ਪ੍ਰਮਾਤਮਾ ਦੀ ਦੇਣ ਕਹਿ ਲਈਏ ਪ੍ਰੰਤੂ ਮਿਹਨਤੂ ਅਤੇ ਲਗਨ ਨਾਲ ਜਿੱਥੇ ਵਿਆਕਤੀ ਦੀ ਪ੍ਰਤਿਭਾ ਨਿਖਰਦੀ ਹੈ। ਉੱਥੇ ਹੀ ਉਸ ਨੂੰ ਜੀਵਨ ਵਿੱਚ ਅੱਗੇ ਵਧਣ ਲਈ ਚੰਗੇ ਮੌਕੇ ਵੀ ਪ੍ਰਮਾਤਮਾ ਵਲੋਂ ਪ੍ਰਦਾਨ ਹੁੰਦੇ ਹਨ। ਬਚਪਨ ਵਿੱਚ ਹੀ ਜੇਕਰ ਕੋਈ ਬੱਚਾ ਕਿਸੇ ਕਲਾਂ ਵਿੱਚ ਮਾਹਰ ਹੋ ਜਾਵੇ ਤਾਂ ਫਿਰ ਹੋਰ ਵੀ ਅਗਾਂਹਵਧੂ ਕਦਮ ਹੁੰਦਾ ਹੈ। ਅੱਜ ਕੱਲ ਜ਼ਿਆਦਾਤਰ ਬੱਚਿਆਂ ਦੇ ਹੱਥਾਂ ਵਿੱਚ ਮੋਬਾਈਲ ਫੋਨ ਹੀ ਦੇਖਣ ਨੂੰ ਮਿਲਦੇ ਹਨ ਲੇਕਿਨ ਕੋਈ ਕੋਈ ਵਿਰਲਾ ਬੱਚਾ ਹੀ ਹੁੰਦਾ ਹੈ ਜੋ ਮੋਬਾਈਲ ਤੋਂ ਦੂਰ ਰਹਿ ਕੇ ਕੁਝ ਅਲੱਗ ਸੋਚ ਨਾਲ ਚੱਲਦਾ ਹੈ। ਅਜਿਹਾ ਹੀ ਕਾਠਗੜ੍ਹ ਨੇੜੇ ਦੇ ਪਿੰਡ ਮੰਡੇਰ ਦਾ 11 ਸਾਲਾਂ ਇੱਕ ਬੱਚਾ ਵਰਿੰਦਰ ਸਿੰਘ ਜੋ ਨੋਰਵੁੱਡ ਸਕੂਲ ਚਾਹਲ ਵਿਖੇ ਚੌਥੀ ਜਮਾਤ ਵਿੱਚ ਪੜ੍ਹਦਾ ਹੈ, ਇਸ ਬੱਚੇ ਵਿਚ ਪ੍ਰਮਾਤਮਾ ਦੀ ਮਿਹਰ ਸਦਕਾ ਅਜਿਹੀ ਕਲਾਕਾਰੀ ਹੈ ਕਿ ਉਹ ਕੁੱਝ ਮਿੰਟਾਂ ਵਿੱਚ ਹੀ ਕੱਚੀ ਪੈਨਸਿਲ ਦੀ ਮਦਦ ਤੇ ਹੱਥ ਦੀ ਰਵਾਨਗੀ ਨਾਲ ਹਰ ਤਰ੍ਹਾਂ ਦੀ ਤਸਵੀਰ ਹੂਬਹੂ ਤਿਆਰ ਕਰ ਦਿੰਦਾ। ਇਸ ਬੱਚੇ ਵਲੋਂ ਤਸਵੀਰ ਬਣਾਉਣ ਲਈ ਹੱਥ ਦੀ ਸਫਾਈ ਅਤੇ ਰਫ਼ਤਾਰ ਨੂੰ ਦੇਖਣ ਵਾਲੇ ਦੰਗ ਰਹਿ ਜਾਂਦੇ ਹਨ। ਜੇਕਰ ਇਹ ਬੱਚਾ ਆਪਣੀ ਕਲਾ ਪ੍ਰਤੀ ਇਸੇ ਤਰ੍ਹਾਂ ਮਿਹਨਤ ਕਰਦਾ ਰਿਹਾ ਤਾਂ ਉਹ ਜ਼ਿੰਦਗੀ ਵਿੱਚ ਇੱਕ ਤੋਂ ਇੱਕ ਮੰਜ਼ਿਲ ਨੂੰ ਸਰ ਕਰਦਾ ਜਾਵੇਗਾ।

# ਮਿੱਤਰਾਂ ਦੀ ਚੜ੍ਹਦੀ ਕਲਾ



ਉਮਰ ਜਿੰਨੀਂ ਵੀ ਮਰਜ਼ੀ ਹੋ 'ਜੇ ,
ਸ਼ੌਕ 'ਨੀਂ ਮਰਨਾ ਚਾਹੀਦਾ ।
ਇਹ ਜੀਵਨ ਮਿਲਿਐ ਮਾਨਣ ਲਈ,
ਬੂੱਤਾ 'ਨੀਂ ਸਰਨਾ ਚਾਹੀਦਾ ।
ਹਿੰਮਤ, ਲਗਨ, ਜਨੂੰਨ ਤੇ ਮਿਹਨਤ ,
ਜਿਉਂਦੀ ਰਹਿਣੀ ਚਾਹੀਦੀ ;
ਬੰਦਾ ਹਰਦਾ ਹਰ 'ਜੇ ਹੌਂਸਲਾ ,
ਕਦੇ 'ਨੀਂ ਹਰਨਾ ਚਾਹੀਦਾ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
**9914836037**

---

ਇਹ ਕਾਹਦੀ ਦੁਨੀਆ ਜਿਹੜੀ ਮੋੜ ਮੋੜ ਤੇ ਬਦਲ ਜਾਂਦੀ,
ਉੱਚਿਆਂ ਨੂੰ ਡਿੱਗਣ ਤਾਈਂ ਜੋਰ ਏ ਲਾਈ ਜਾਂਦੀ,
ਹਰ ਕੰਮ ਵਿੱਚ ਮਦਦ ਲਈ ਪਿੱਛੇ ਇਹ ਹਟਦੀ ਜਾਂਦੀ,
ਰੱਬਾ, ਕੈਸੀ ਇਹ ਦੁਨੀਆ ਬਣਾਈ,
ਜਿਹੜੀ ਹਰ ਮੋੜ ਤੇ ਬਦਲੀ ਜਾਂਦੀ।

ਸਮੁੰਦਰ ਜਿਵੇਂ ਛੱਲਾਂ ਭਾਲਣ,
ਲੋਕੀ ਐਵੇਂ ਗੱਲਾਂ ਭਾਲਣ,
ਦੂਜੇ ਨੂੰ ਤਰੱਕੀ ਦੇ ਰਾਹ ਤੋਂ ਸੁੱਟਣ ਦਾ ਜ਼ੋਰ ਇਹ ਲਾਈ ਜਾਵਣ,
ਆਪਣਾ ਮਤਲਬ ਕੱਢ ਇਹ ਤੁਰ ਜਾਵਣ,
ਲੋਕਾਂ ਨੂੰ ਦੇਖ ਇਹ ਸੜਦੇ ਜਾਵਣ,
ਦੂਜਿਆਂ ਨੂੰ ਹੌਸਲਾ ਦੇਣ ਦੀ ਬਜਾਏ,
ਉਨਾਂ ਦੇ ਸੁਪਨਿਆਂ ਨੂੰ ਮਿੱਟੀ ਵਿੱਚ ਮਿਲਾਈ ਜਾਵਣ।

ਮੋੜ ਮੋੜ ਤੇ ਦੁਨੀਆ ਬਦਲੀ,
ਇਹ ਦੁਨੀਆ ਮਤਲਬੀ, ਰਿਸ਼ਵਤ ਖੋਰਾਂ ਦੀ,
ਪੈਸਾ ਕਮਾਉਣ ਵਾਲੇ ਨੂੰ ਇਹ ਦੋ ਨੰਬਰ ਦਾ ਧੰਦਾ ਆਖਣ,
ਨਾ ਕਮਾਉਣ ਵਾਲੇ ਨੂੰ ਇਹ ਨਿਕੰਮਾ ਆਖਣ,
ਮਿਹਨਤ ਨਾ ਕਰਨ ਵਾਲੇ ਨੂੰ ਇਹ ਤਾਨੇ ਮਾਰਨ,
ਕਰਨ ਵਾਲੇ ਨੂੰ ਥੱਲੇ ਸੁੱਟਣ ਦਾ ਜ਼ੋਰ ਏ ਲਾਈ ਜਾਵਣ,
ਸਿਆਣਿਆਂ ਦੀਆਂ ਗੱਲਾਂ ਨੂੰ ਸੁਣ ਕੇ ਉਸ ਤੇ ਅਮਲ
ਕਰਕੇ ਚੱਲਣ ਵਾਲੇ ਲੋਕਾਂ ਨੂੰ ਇਹ ਉਸ ਦੇ ਥੱਲੇ ਲੱਗਿਆ ਆਖਣ,
ਨਾ ਸੁਣਨ ਵਾਲਿਆਂ ਨੂੰ ਇਹ ਅਵਾਰਾ ਆਖਣ,
ਰੁੱਤਾਂ ਬਦਲ ਜਾਂਦੀਆਂ ਨੇ, ਰਾਹ ਬਦਲ ਜਾਂਦੇ ਨੇ,
ਇੱਥੇ ਪੈਰ - ਪੈਰ ਤੇ ਲੋਕ ਵੀ ਬਦਲ ਜਾਂਦੇ ਨੇ ।



**ਲਕਸ਼ੀਤਾ ਸ਼ਰਮਾ**

# ਲਾਹੌਰ

ਨਿੱਕਾ ਜਿਹਾ ਮੇਰਾ ਘਰ ਹੁੰਦਾ ਸੀ ਵਿੱਚ ਨਿੱਕੀਆਂ - ਨਿੱਕੀਆਂ ਬਾਰੀਆਂ ਸੀ,
ਮਿੱਟੀ ਦੇ ਨਾਲ ਲਿੱਪੀਆਂ ਕੰਧਾ ਲੱਗਦੀਆ ਬਹੁਤ ਪਿਆਰੀਆਂ ਸੀ,
ਮਾਂ ਮੇਰੀ ਵੀ ਚਾਵਾਂ ਦੇ ਨਾਲ ਪਾਉਂਦੀ ਮੋਰਨੀਆਂ,
ਦੱਸ ਦਿਲ ਚੋ ਕਿੱਦਾ ਕੱਢ ਦਿਆ ਪੁੱਤਰਾ ਯਾਦਾਂ ਲਾਹੌਰ ਦੀਆ।
ਦੱਸ ਖਾਂ ਕੀ ਖਾਕੇ ਭੁੱਲ ਜਾ ਗਲੀਆਂ ਲਾਹੌਰ ਦੀਆ।

ਚੁੱਲ੍ਹੇ ਮੂਹਰੇ ਬਹਿ ਕੇ ਰੋਟੀ ਕੱਠਿਆਂ ਖਾਣੀ ਸਾਰੇ ਸੀ,
ਇੱਕ ਦੂਜੇ ਨੂੰ ਕਰਦੇ ਟਿੱਚਰਾਂ ਲੱਗਦੇ ਕਿੰਨੇ ਪਿਆਰੇ ਸੀ,
ਫ਼ੇਰ ਸੁਣਨੀਆਂ ਰਾਤੀ ਬਾਤਾਂ ਦਾਦੀ ਤੋਂ ਚੰਨ ਚਕੋਰ ਦੀਆ,
ਦੱਸ ਚਿੱਤ ਚੋ ਕਿੱਦਾ ਕੱਢ ਦਿਆ ਪੁੱਤਰਾ ਯਾਦਾਂ ਲਾਹੌਰ ਦੀਆਂ।

ਭੈਣ ਮੇਰੀ ਦਾ ਵਿਆਹ ਸੀ ਧਰਿਆ ਰੌਣਕਾਂ ਲੱਗੀਆਂ ਉੱਚੀਆਂ ਸੀ,
ਸ਼ਗਨਾਂ ਦੇ ਸੀ ਗੀਤ ਗੂੰਜਦੇ ਚਾਰੇ ਪਾਸੇ ਖੁਸ਼ੀਆਂ ਸੀ,
ਭੈਣ ਮੇਰੀ ਵੀ ਚਾਵਾਂ ਵਿੱਚ ਝੂਟੇ ਪੀਂਘਾਂ ਵਿਆਹ ਵਾਲੀ ਲੋਰ ਦੀਆ,
ਦੱਸ ਦਿਲ ਚੋ ਕਿੱਦਾ ਕੱਢ ਦਿਆ ਪੁੱਤਰਾ ਯਾਦਾਂ ਲਾਹੌਰ ਦੀਆ।

ਅੱਜ ਭੈਣ ਮੇਰੀ ਦੀ ਜੰਞ ਸੀ ਆਉਣੀ ਪਏ ਉਡੀਕਾਂ ਕਰਦੇ ਸੀ,
ਹੱਲਾ - ਹੱਲਾ ਕੋਈ ਨਾ ਸੀ ਲੈਂਦੇ ਲੋਕੀ ਡਰਦੇ - ਡਰਦੇ ਸੀ,
ਧੁਰ ਅੰਦਰ ਤੱਕ ਕੰਬਦੀ ਰੂਹ ਸੁਣ ਅਵਾਜ਼ਾ ਡਾਂਗਾਂ ਦੇ ਸ਼ੋਰ ਦੀਆਂ,
ਦੱਸ ਚਿੱਤ ਚੋ ਕਿੱਦਾ ਕੱਢ ਦਿਆ ਪੁੱਤਰਾ ਯਾਦਾਂ ਲਾਹੌਰ ਦੀਆ।

ਵੱਸਦਿਆ ਨੂੰ ਸਾਨੂੰ ਉਜੜਨਾ ਪੈ ਗਿਆ ਮੱਚੀ ਪੂਰੀ ਤਬਾਹੀ ਸੀ,
ਭੈਣ ਮੇਰੀ ਵੀ ਖਾ ਗਈ ਗੋਲ਼ੀ ਜੋਂ ਬਾਪੂ ਨੇ ਆਪ ਫੜਾਈ ਸੀ,
ਬੜਾ ਧਾਹਾਂ ਮਾਰ ਮੇਰਾ ਪਿਓ ਸੀ ਰੋਇਆ ਕੋਲ ਦੀ ਲੰਘਦੇ ਭੈਣ ਦਿਆ,
ਦੱਸ ਖਾਂ ਕੀ ਖਾਕੇ ਭੁੱਲਜਾ ਯਾਦਾਂ ਲਾਹੌਰ ਦੀਆ।

ਲਾਸ਼ਾਂ ਦੇ ਨਾਲ ਭਰੀ ਸੀ ਧਰਤੀ ਦਿੱਸਦੀ ਨੀ ਸੀ ਭੌਂ ਪੁੱਤਰਾ,
ਮੇਰੇ ਬਾਪੂ ਦੇ ਵੀ ਮਾਰ ਗੰਡਾਸਾ ਟੋਟੇ ਕਰਤੇ ਦੋ ਪੁੱਤਰਾਂ,
ਉੱਚੀਆਂ ਨਿਕਲੀਆਂ ਮਾਂ ਮੇਰੀ ਦੀਆਂ ਚੀਕਾਂ ਹਿੱਕ ਅੰਬਰਾਂ ਦੀ ਤੋੜ ਦੀਆ,
ਦੱਸ ਚਿੱਤ ਚੋ ਕਿੱਦਾ ਕੱਢ ਦਿਆ ਪੁੱਤਰਾ ਯਾਦਾਂ ਲਾਹੌਰ ਦੀਆ।

ਸਾਰਾ ਖ਼ਾਨਦਾਨ ਮੇਰਾ ਖਤਮ ਸੀ ਕਰਤਾ ਇੱਕ ਲੁੱਕਿਆ ਛੁਪਿਆ ਮੈਂ ਰਹਿ ਗਿਆ,
ਲਾਸ਼ਾਂ ਦੇ ਵਿੱਚ ਲਾਸ਼ ਬਣ ਗਿਆ ਜਿਉਂਦਾ ਕਿਹੜਾ ਮੈਂ ਰਹਿ ਗਿਆ,
ਚੱਕ ਤੁਰਿਆ ਭੈਣ ਦਾ ਚੂੜਾ ਭਿੱਜੀ ਖੂਨ ਚ ਪੱਗ ਬਾਪੂ ਦੀ ਨਿਸ਼ਾਨੀਆ ਮੇਰੀ ਮਾਂ ਦੇ ਸ਼ੋਲ ਦੀਆ,
ਦੱਸ ਦਿਲ ਚੋ ਕਿੱਦਾ ਕੱਢ ਦਿਆ ਪੁੱਤਰਾ ਓਹ ਥਾਵਾਂ ਲਾਹੌਰ ਦੀਆ।
ਦੱਸ ਪੁੱਤਰਾ ਕਿੱਥੇ ਦਫ਼ਨ ਕਰਾ?



**ਮਨਪ੍ਰੀਤ ਕੌਰ ਬਖ਼ਸ਼ੀਵਾਲਾ।**

# ਅਰਦਾਸ

ਹੌਕਿਆਂ ਦੇ ਨਾਲ ਮੌਸਮ ਵੀ ਸਰਦ ਹੋ ਗਏ
ਸਾਡੇ ਖੁੱਸ਼ੀਆਂ ਦੇ ਹੰਝੂ ਸਿੱਲ੍ਹੇ ਹੋ ਦਰਦ ਹੋ ਗਏ।

ਪੰਜਾਬ ਨੂੰ ਲੱਗੀ ਨਜ਼ਰ ਕੋਈ ਮਿਰਚਾਂ ਵਾਰੋ
ਜੁਆਨੋ ਨਸ਼ਿਆਂ ਮੂਹਰੇ ਨਾ ਤੁਸੀਂ ਸਿਦਕ ਹਾਰੋਂ॥

ਸੋਨੇ ਰੰਗੀਂ ਧਰਤ ਨੂੰ ਸਿਵਿਆਂ ਦੀ ਰਾਖ ਦਾ ਵੱਟਣਾ
ਮਾਵਾਂ ਦੇ ਪੁੱਤ ਜਹਾਨੋਂ ਤੁਰ ਗਏ ਹੋਰ ਕੀ ਖੱਟਣਾ।

ਸੁੰਨੇ ਪਏ ਵਿਹੜੇ ਸੱਖਣੀਆਂ ਹੋਈਆਂ ਕੁੱਖਾਂ
ਨੀਵੀਂ ਪਾ ਬਾਬੁਲ ਬੈਠਾਂ ਜਿੰਦ ਖਾ ਲਈ ਦੁੱਖਾਂ॥

ਦਰ ਤੇਰਾ ਬਲ ਤੇਰਾ,ਦਾਤਾ ਹੁਕਮ ਵੀ ਚਲੇ ਤੇਰਾ
ਇਕੋ ਅਰਜ਼ ਰੱਬਾਂ ਮੋੜ ਦੇ ਨੱਚਦਾ ਪੰਜਾਬ ਮੇਰਾ।

ਛਿੰਝਾਂ,ਮੇਲਿਆਂ,ਅਖਾੜਿਆਂ,ਤ੍ਰਿੰਝਣਾ, ਤੀਆਂ,ਮੇਲੇ
ਅਰਦਾਸ ਮੇਰੀ ਬਾਬਿਆਂ ਨਾਲ ਸੱਥਾਂ ਵਿੱਚ ਜੁਆਨੀ ਖੇਲੇ॥



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**

# ਜਨਮਦਿਨ ਮੁਬਾਰਕ



**ਮਨਪ੍ਰੀਤ ਕੌਰ**
**ਮਾਤਾ :- ਸੁਖਦੀਪ ਕੌਰ**
**ਪਿਤਾ :- ਰਣਦੀਪ ਸਿੰਘ**
**ਪਿੰਡ:- ਡਗੋਰੋਮਾਣਾ ਜ਼ਿਲਾ:- ਫ਼ਰੀਦਕੋਟ**

# ...ਤੇ ਜਦੋ ਬ੍ਰਿਟਿਸ਼ ਪਰਿਵਾਰ “ਥੱਕੀ ਆ” ਕਹਿ ਕੇ ਦਾਦੀ ਦੀ ਲਾਸ਼ ਜਹਾਜ਼ ‘ਚ ਚੜ੍ਹਾ ਲਿਆਇਆ

**ਮਾਲਾਗਾ ਤੋਂ ਇੰਗਲੈਂਡ ਆ ਰਹੀ ਫਲਾਈਟ ‘ਚ ਬ੍ਰਿਟਿਸ਼ ਪਰਿਵਾਰ ਦੀ ਇਸ ਹਰਕਤ ਨਾਲ ਹਵਾਈ ਯਾਤਰੀ ਸਹਿਮੇ**

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਸਪੇਨ ਦੇ ਮਾਲਾਗਾ ਹਵਾਈ ਅੱਡੇ ਤੋਂ ਇੰਗਲੈਂਡ ਦੇ ਗੈਟਵਿਕ ਹਵਾਈ ਅੱਡੇ ਵੱਲ ਆ ਰਹੀ ਈਜ਼ੀਜੈੱਟ ਏਅਰਲਾਈਨ ਦੀ ਇਕ ਉਡਾਣ ਚ ਉਸ ਸਮੇਂ ਹੈਰਾਨੀ ਅਤੇ ਦਹਿਸ਼ਤ ਦਾ ਮੰਜ਼ਰ ਬਣ ਗਿਆ, ਜਦੋਂ ਖੁਲਾਸਾ ਹੋਇਆ ਕਿ ਇਕ ਬ੍ਰਿਟਿਸ਼ ਪਰਿਵਾਰ ਆਪਣੀ 89 ਸਾਲਾ ਦਾਦੀ ਦੀ ਮ੍ਰਿਤ ਦੇਹ ਨੂੰ ਵ੍ਹੀਲਚੇਅਰ ‘ਤੇ ਬਿਠਾ ਕੇ ਜਹਾਜ਼ ‘ਚ ਚੜ੍ਹਾ ਲਿਆਇਆ।

ਚਸ਼ਮਦੀਦ ਯਾਤਰੀਆਂ ਮੁਤਾਬਕ ਪਰਿਵਾਰਕ ਮੈਂਬਰ ਬੁਜ਼ੁਰਗ ਮਹਿਲਾ ਨੂੰ ਹਵਾਈ ਅੱਡੇ ‘ਤੇ ਵ੍ਹੀਲਚੇਅਰ ‘ਚ ਬਿਠਾ ਕੇ ਲੈ ਕੇ ਆਏ ਅਤੇ ਕੈਬਿਨ ਕਰੂ ਨੂੰ ਦੱਸਿਆ ਕਿ ਮਹਿਲਾ ਬਹੁਤ ਥੱਕੀ ਹੋਈ ਹੈ ਅਤੇ ਬੋਲਣ ਦੀ ਹਾਲਤ ‘ਚ ਨਹੀਂ। ਇਸ ਗੱਲ ‘ਤੇ ਕਿਸੇ ਨੂੰ ਵੀ ਸ਼ੱਕ ਨਹੀਂ ਹੋਇਆ ਅਤੇ ਮਹਿਲਾ ਨੂੰ ਜਹਾਜ਼ ‘ਚ



ਬਿਠਾ ਦਿੱਤਾ ਗਿਆ। ਉਡਾਣ ਦੌਰਾਨ ਜਦੋਂ ਕਈ ਘੰਟਿਆਂ ਤੱਕ ਮਹਿਲਾ ਵੱਲੋਂ ਨਾ ਕੋਈ ਹਿਲਜੁਲ ਹੋਈ ਅਤੇ ਨਾ ਹੀ ਉਸਨੇ ਪਾਣੀ ਜਾਂ ਖਾਣੇ ਵੱਲ ਕੋਈ ਪ੍ਰਤੀਕ੍ਰਿਆ ਦਿੱਤੀ ਤਾਂ ਜਹਾਜ਼ ‘ਚ ਬੈਠੇ ਕੁਝ ਯਾਤਰੀਆਂ ਨੂੰ ਸ਼ੱਕ ਹੋਇਆ। ਕੈਬਿਨ ਕਰੂ ਵੱਲੋਂ ਜਾਂਚ ਕਰਨ ‘ਤੇ ਪਤਾ ਲੱਗਿਆ ਕਿ ਬੁਜ਼ੁਰਗ ਮਹਿਲਾ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਸੀ।

ਇਸ ਖੁਲਾਸੇ ਤੋਂ ਬਾਅਦ ਜਹਾਜ਼ ‘ਚ ਹੜਕੰਪ ਮਚ ਗਿਆ ਅਤੇ ਕਈ ਯਾਤਰੀ ਸਹਿਮ ਗਏ। ਜਹਾਜ਼ ਦੇ ਕਰਮਚਾਰੀਆਂ ਨੇ ਤੁਰੰਤ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ, ਜਦਕਿ ਲੈਂਡਿੰਗ ਤੋਂ ਬਾਅਦ ਸਪੇਨੀ ਅਤੇ ਬ੍ਰਿਟਿਸ਼ ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ। ਪੁਲਿਸ ਅਧਿਕਾਰੀਆਂ ਮੁਤਾਬਕ ਇਹ ਜਾਂਚ ਕੀਤੀ ਜਾ ਰਹੀ ਹੈ ਕਿ ਮਹਿਲਾ ਦੀ ਮੌਤ ਕਦੋਂ ਅਤੇ ਕਿਹੜੀਆਂ ਹਾਲਾਤਾਂ ‘ਚ ਹੋਈ, ਨਾਲ ਹੀ ਇਹ ਵੀ ਪਤਾ ਲਗਾਇਆ ਜਾ ਰਿਹਾ ਹੈ ਕਿ ਪਰਿਵਾਰ ਨੇ ਜਾਣਬੁੱਝ ਕੇ ਇਹ ਗੱਲ ਲੁਕਾਈ ਜਾਂ ਉਹ ਘਟਨਾ ਤੋਂ ਅਣਜਾਣ ਸੀ। ਹਵਾਈ ਕੰਪਨੀ ਵੱਲੋਂ ਵੀ ਅੰਦਰੂਨੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ।ਇਸ ਅਜੀਬੋ-ਗਰੀਬ ਅਤੇ ਹੈਰਾਨੀਜਨਕ ਘਟਨਾ ਨੇ ਹਵਾਈ ਸੁਰੱਖਿਆ, ਯਾਤਰੀ ਜਾਂਚ ਪ੍ਰਕਿਰਿਆ ਅਤੇ ਹਵਾਈ ਅੱਡਿਆਂ ‘ਤੇ ਮੈਡੀਕਲ ਨਿਗਰਾਨੀ ਪ੍ਰਣਾਲੀ ‘ਤੇ ਵੀ ਕਈ ਸਵਾਲ ਖੜੇ ਕਰ ਦਿੱਤੇ ਹਨ।

# ਗੋਲੀਕਾਂਡ ‘ਚ 55 ਸਾਲਾਂ ਵਿਅਕਤੀ ਦੀ ਮੌਤ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)**-ਇੰਗਲੈਂਡ ਦੇ ਉੱਤਰੀ-ਪੱਛਮੀ ਇਲਾਕੇ ਦੇ ਸਟੋਨਬ੍ਰਿਜ ਵਿੱਚ ਦਿਨ ਦਿਹਾੜੇ ਹੋਈ ਗੋਲੀਬਾਰੀ ਦੀ ਘਟਨਾ ਦੌਰਾਨ 55 ਸਾਲਾ ਵਿਅਕਤੀ ਦੀ ਮੌਤ ਹੋ ਗਈ। ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ, ਜਦਕਿ ਮੈਟਰੋਪੋਲਿਟਨ ਪੁਲਿਸ ਵੱਲੋਂ ਕਤਲ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਪੁਲਿਸ ਅਧਿਕਾਰੀਆਂ ਮੁਤਾਬਕ ਉਨ੍ਹਾਂ ਨੂੰ ਵੈਸਟ ਐਂਡ ਕਲੋਜ਼ ਇਲਾਕੇ ਵਿੱਚ ਗੋਲੀ ਚਲਣ ਦੀ ਸੂਚਨਾ ਮਿਲੀ ਸੀ। ਸੂਚਨਾ ਮਿਲਦਿਆਂ ਹੀ ਪੁਲਿਸ ਅਤੇ ਐਮਰਜੈਂਸੀ ਸੇਵਾਵਾਂ ਮੌਕੇ ‘ਤੇ ਪਹੁੰਚ ਗਈਆਂ। ਗੋਲੀ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋਏ ਵਿਅਕਤੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਸ ਨੇ ਘਟਨਾ ਸਥਾਨ ‘ਤੇ ਹੀ ਦਮ ਤੋੜ ਦਿੱਤਾ।ਘਟਨਾ ਤੋਂ ਬਾਅਦ ਪੁਲਿਸ ਵੱਲੋਂ ਪੂਰੇ ਇਲਾਕੇ ਨੂੰ ਘੇਰਾਬੰਦੀ ਹੇਠ ਲਿਆ ਗਿਆ ਅਤੇ ਫ਼ੋਰੈਂਸਿਕ ਟੀਮਾਂ ਨੇ ਮੌਕੇ ਤੋਂ ਸਬੂਤ ਇਕੱਠੇ ਕਰਨ ਦੀ ਕਾਰਵਾਈ ਸ਼ੁਰੂ ਕੀਤੀ। ਨੇੜਲੇ ਇਲਾਕਿਆਂ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵੀ ਖੰਗਾਲੀ ਜਾ ਰਹੀ ਹੈ, ਤਾਂ ਜੋ ਹਮਲਾਵਰ ਜਾਂ ਹਮਲਾਵਰਾਂ ਬਾਰੇ ਕੋਈ ਸੁਰਾਗ ਮਿਲ ਸਕੇ। ਪੁਲਿਸ ਵੱਲੋਂ ਦੱਸਿਆ ਗਿਆ ਹੈ ਕਿ ਮ੍ਰਿਤਕ ਦੀ ਪਹਿਚਾਣ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰਨ ਦੀ ਕਾਰਵਾਈ ਜਾਰੀ ਹੈ। ਹਾਲੇ ਤੱਕ ਇਸ ਮਾਮਲੇ ਵਿੱਚ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ। ਪੁਲਿਸ ਨੇ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਨੇ ਘਟਨਾ ਵੇਲੇ ਕੁਝ ਸ਼ੱਕੀ ਦੇਖਿਆ ਹੋਵੇ ਜਾਂ ਕੋਲ ਕੋਈ ਜਾਣਕਾਰੀ ਹੋਵੇ, ਤਾਂ ਉਹ ਅੱਗੇ ਆ ਕੇ ਜਾਂਚ ਵਿੱਚ ਸਹਿਯੋਗ ਦੇਣ।ਇਸ ਗੋਲੀਕਾਂਡ ਤੋਂ ਬਾਅਦ ਸਥਾਨਕ ਵਸਨੀਕਾਂ ਵਿੱਚ ਚਿੰਤਾ ਦਾ ਮਾਹੌਲ ਹੈ ਅਤੇ ਲੋਕਾਂ ਵੱਲੋਂ ਇਲਾਕੇ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਸਵਾਲ ਉਠਾਏ ਜਾ ਰਹੇ ਹਨ।

# ਪੰਜਾਬ ਚੇਤਨਾ ਮੰਚ ਨੇ ਜਮਹੂਰੀਅਤ ਤੇ ਧਰਮ ਨਿਰਪੱਖਤਾ ਨੂੰ ਲਗ ਰਹੀ ਢਾਹ 'ਤੇ ਚਿੰਤਾ ਪ੍ਰਗਟ ਕੀਤੀ

**ਜਲੰਧਰ, (ਹਰਜਿੰਦਰ ਸਿੰਘ ਚੰਦੀ)-** ਪੰਜਾਬ ਚੇਤਨਾ ਮੰਚ ਵਲੋਂ ਮੌਜੂਦਾ ਸੱਤਾਧਾਰੀ ਵਰਗ ਵਲੋਂ ਦੇਸ਼ ਵਿਚ ਜਮਹੂਰੀਅਤ, ਧਰਮ ਨਿਰਪੱਖਤਾ ਤੇ ਸੰਘੀ ਢਾਂਚੇ ਨੂੰ ਲਗਾਤਾਰ ਲਾਈ ਜਾ ਰਹੀ ਢਾਹ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ । ਚੋਣ ਕਮਿਸ਼ਨ ਵਰਗੀ ਖ਼ੁਦਮੁਖ਼ਤਾਰ ਸੰਵਿਧਾਨਕ ਸੰਸਥਾ ਵਲੋਂ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਵਿਚ ਹੱਦ ਤੋਂ ਵੱਧ ਕਾਹਲੀ ਦਿਖਾਉਣ ਅਤੇ ਇਸ ਕਾਰਨ ਕੰਮ ਦਾ ਬੋਝ ਵਧਣ ਸਦਕਾ 33 ਦੇ ਲਗਭਗ ਬੂਥ ਪੱਧਰ ਦੇ ਅਧਿਕਾਰੀਆਂ (ਬੀ.ਐੱਲ.ਓ.) ਦੀਆਂ ਦੇਸ਼ ਵਿਚ ਮੌਤਾਂ ਹੋਣ ਨੂੰ ਗੰਭੀਰਤਾ ਨਾਲ ਨੋਟ ਕੀਤਾ ਗਿਆ । ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੁਜ਼ਗਾਰ ਗਾਰੰਟੀ ਯੋਜਨਾ ਕਾਨੂੰਨ ਦਾ ਨਾਂਅ ਬਦਲਣ ਨੂੰ ਵੀ ਫ਼ਿਰਕੂ ਧਰੁਵੀਕਰਨ ਦੀ ਰਾਜਨੀਤੀ ਨੂੰ ਅੱਗੇ ਵਧਾਉਣ ਦਾ ਯਤਨ ਕਰਾਰ ਦਿੱਤਾ ਗਿਆ ਹੈ। ਉਪਰੋਕਤ ਬਿਆਨ ਜਾਰੀ ਕਰਦਿਆਂ ਮੰਚ ਦੇ ਆਗੂਆਂ ਨੇ ਕਿਹਾ ਹੈ ਕਿ ਮੌਜੂਦਾ ਕੇਂਦਰੀ ਸਰਕਾਰ ਦੇ ਦੌਰ ਵਿਚ ਸੰਵਿਧਾਨਕ ਸੰਸਥਾਵਾਂ ਦੀ ਵਿਸ਼ਵਾਸਯੋਗਤਾ ਵਿਚ ਭਾਰੀ ਕਮੀ ਆਉਂਦੀ ਜਾ ਰਹੀ ਹੈ। ਦੇਸ਼ ਵਿਚ ਜਮਹੂਰੀਅਤ ਤੇ ਧਰਮ ਨਿਰਪੱਖਤਾ ਨੂੰ ਬਚਾਉਣ ਲਈ ਸਿਆਸੀ ਪਾਰਟੀਆਂ ਅਤੇ ਬੁੱਧੀਜੀਵੀਆਂ ਅਤੇ ਮੀਡੀਆ ਕਰਮੀਆਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ। ਮੰਚ ਦੇ ਆਗੂਆਂ ਨੇ ਪਾਕਿ-ਸਤਾਨ ਵਿਚ ਹਿੰਦੂਆਂ ਤੇ ਹੋਰ ਘੱਟ ਗਿਣਤੀਆਂ ਦਾ ਜਬਰੀ ਧਰਮ ਪ੍ਰੀਵਰਤਨ ਕਰਾਉਣ ਅਤੇ ਬੰਗਲਾਦੇਸ਼ ਵਿਚ ਹਿੰਦੂਆਂ 'ਤੇ ਵਧ ਰਹੇ ਹਮਲਿਆਂ ਦੀ ਨਿੰਦਾ ਕਰਦਿਆਂ ਮੰਚ ਦੇ ਆਗੂਆਂ ਨੇ ਕਿਹਾ ਕਿ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਭਾਰਤ-ਪਾਕਿਸਤਾਨ ਤੇ ਬੰਗਲਾਦੇਸ਼ ਤਿੰਨਾਂ ਨੂੰ ਨਵੀਂ ਦਿੱਲੀ ਵਿਚ ਘੱਟ ਗਿਣਤੀਆਂ ਦੀ ਸੁਰੱਖਿਆ ਲਈ 1950 ਵਿਚ ਹੋਏ ਨਹਿਰੂ-ਲਿਆਕਤ ਅਲੀ ਸਮਝੌਤੇ ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਚਾਹੀਦੀ ਹੈ।ਬਿਆਨ ਜਾਰੀ ਕਰਨ ਵਾਲਿਆਂ ਵਿਚ ਪੰਜਾਬ ਚੇਤਨਾ ਮੰਚ ਦੇ ਪ੍ਰਧਾਨ ਡਾ. ਲਖਵਿੰਦਰ ਜੌਹਲ, ਜਨਰਲ ਸਕੱਤਰ ਸਤਨਾਮ ਸਿੰਘ ਮਾਣਕ, ਜਥੇਬੰਦਕ ਸਕੱਤਰ ਗੁਰਮੀਤ ਪਲਾਹੀ, ਮਾਝਾ ਜ਼ੋਨ ਦੇ ਸਕੱਤਰ ਰਾਜਿੰਦਰ ਸਿੰਘ ਰੂਬੀ, ਦੁਆਬਾ ਜ਼ੋਨ ਦੇ ਸਕੱਤਰ ਰਵਿੰਦਰ ਚੋਟ ਅਤੇ ਮਾਝਾ ਜ਼ੋਨ ਦੇ ਸਕੱਤਰ ਗੁਰ-ਚਰਨ ਸਿੰਘ ਨੂਰਪੁਰ ਆਦਿ ਸ਼ਾਮਿਲ ਹਨ।

# ਸਰਕਾਰੀ ਪ੍ਰਾਇਮਰੀ ਸਕੂਲ ਤਲਵੰਡੀ ਨੌ ਅਬਾਦ ਚ ਮੈਗਾ ਪੀ ਟੀ ਐੱਮ ਦਾ ਆਯੋਜਨ ਹੋਇਆ

## ( ਬੱਚਿਆਂ ਦੇ ਸਰਵਪੱਖੀ ਵਿਕਾਸ ਤੇ ਸਕੂਲ ਦੀ ਤਰੱਕੀ ਚ ਮਾਪਿਆਂ ਦਾ ਸਹਿਯੋਗ ਅਹਿਮ: ਸੰਧੂ/ਬਾਸੀਆਂ)

ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ " ਮਾਪਿਆਂ ਦੀ ਭਾਗੀਦਾਰੀ ਟ੍ਰੇਨਿੰਗ " ਦੇ ਸਿਰਲੇਖ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਤਲਵੰਡੀ ਨੌ ਅਬਾਦ ਬਲਾਕ ਸਿੱਧਵਾਂ ਬੇਟ 2 ਵਿਖੇ ਮੈਗਾ ਪੀ ਟੀ ਐੱਮ ਸਕੂਲ ਮੁੱਖ ਅਧਿਆਪਕ ਬਲਵੀਰ ਸਿੰਘ ਬਾਸੀਆਂ ਦੀ ਅਗਵਾਈ ਵਿੱਚ ਕਰਵਾਈ ਗਈ । ਇਸ ਪੀ ਟੀ ਐੱਮ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਰਮਨਜੀਤ ਸਿੰਘ ਸੰਧੂ ਵਿਸ਼ੇਸ਼ ਤੌਰ ਤੇ ਪਹੁੰਚੇ । ਮੀਟਿੰਗ ਦੀ ਸ਼ੁਰੂਆਤ ਕਰਦਿਆਂ ਸਕੂਲ ਮੁੱਖ ਅਧਿਆਪਕ ਤੇ ਬਲਾਕ ਰਿਸੋਰਸ ਕੋਆਰਡੀਨੇਟਰ ਬਲਵੀਰ ਸਿੰਘ ਬਾਸੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਅੱਜ ਪੰਜਾਬ ਭਰ ਦੇ ਸਰਕਾਰੀ ਸਕੂਲਾਂ ਵਿੱਚ ਮੈਗਾ ਪੀ ਟੀ ਐੱਮ ਕਰਵਾਈ ਜਾ ਰਹੀ ਹੈ, ਜਿਸ ਕਰਕੇ ਇਸ ਮੀਟਿੰਗ ਦਾ ਆਯੋਜਨ ਕੀਤਾ ਗਿਆ ਹੈ। ਇਸ ਮੌਕੇ ਬਲਾਕ




ਪ੍ਰਾਇਮਰੀ ਸਿੱਖਿਆ ਅਫਸਰ ਰਮਨਜੀਤ ਸਿੰਘ ਸੰਧੂ ਨੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੱਚਿਆਂ ਦੇ ਸਰਵਪੱਖੀ ਵਿਕਾਸ ਅਤੇ ਸਕੂਲਾਂ ਦੀ ਤਰੱਕੀ ਵਿੱਚ ਮਾਪਿਆਂ ਦਾ ਸਹਿਯੋਗ ਬਹੁਤ ਜਰੂਰੀ ਹੈ। ਇਸ ਮੌਕੇ ਉਹਨਾਂ ਦੱਸਿਆ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਦੁਆਰਾ ਸਕੂਲਾਂ ਦਾ ਕਾਇਆ ਕਲਪ ਕੀਤਾ ਗਿਆ ਹੈ। ਅੱਜ ਸਰਕਾਰੀ ਸਕੂਲਾਂ ਦੇ ਬੱਚੇ ਜੇ ਈ ਈ ਤੇ ਨੀਟ ਵਰਗੀਆਂ ਮੁਕਾਬਲੇ ਦੀਆਂ ਪਰੀਖਿਆਵਾਂ ਚ ਭਾਗ ਲੈ ਕੇ ਆਈ ਆਈ ਟੀ ਸੈਕਟਰ ਅਤੇ ਮੈਡੀਕਲ ਸੈਕਟਰ ਵਿੱਚ ਜਾ ਰਹੇ ਹਨ। ਉਹਨਾਂ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਸਰਕਾਰੀ ਸਕੂਲਾਂ ਦੇ 261 ਤੋਂ ਵੱਧ ਬੱਚੇ ਆਈ ਆਈ ਟੀ ਸੈਕਟਰ ਵਿੱਚ ਅਤੇ 847 ਬੱਚਿਆਂ ਨੇ ਐੱਮ ਬੀ ਬੀ ਐੱਸ ਦੇ ਕੋਰਸਾਂ ਵਿੱਚ ਦਾਖਲਾ ਲਿਆ। ਇਸ ਮੌਕੇ ਵਿਭਾਗ ਵੱਲੋਂ ਭੇਜੇ ਗਏ ਪੈਂਫਲਿਟ ਵੀ ਵੰਡੇ ਗਏ ਤੇ ਪਿਛਲੇ ਸਮੇਂ ਦੌਰਾਨ ਸਕੂਲ ਨੂੰ ਸਹਿਯੋਗ ਦੇਣ ਵਾਲੇ ਮਾਪਿਆਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਮੈਡਮ ਜਸਵਿੰਦਰ ਕੌਰ ਗਿੱਲ, ਅਧਿਆਪਕ ਅਸ਼ੋਕ ਕੁਮਾਰ, ਬਲਾਕ ਕੋਆਰਡੀਨੇਟਰ ਦੇਵਿੰਦਰ ਸਿੰਘ ਮਾਣੀਏਵਾਲ,ਐੱਸ ਐੱਮ ਸੀ ਚੇਅਰਮੈਨ ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਪੰਚ, ਗੁਰਦੀਪ ਸਿੰਘ, ਪਰਮਜੀਤ ਸਿੰਘ, ਰਛਪਾਲ ਸਿੰਘ ਉਪ-ਚੇਅਰਮੈਨ, ਬਲਜਿੰਦਰ ਸਿੰਘ, ਹਰਵਿੰਦਰ ਕੌਰ, ਪਾਲ ਕੌਰ, ਗੁਰਮੀਤ ਕੌਰ, ਜੋਗਿੰਦਰ ਕੌਰ, ਸੁਮਨ ਕੌਰ, ਸਾਬਕਾ ਚੇਅਰਮੈਨ ਐੱਸ ਐੱਮ ਸੀ ਗੁਰਦਿਆਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪੇ ਹਾਜਰ ਸਨ ।

# ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ ਕਰਵਾਏ ਗਏ ਦਸਤਾਰ ਮੁਕਾਬਲੇ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਅੱਜ ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਦਸਤਾਰ ਮੁਕਾਬਲੇ ਕਰਵਾਏ ਗਏ। ਇਹ ਜਾਣਕਾਰੀ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਅਮਨਦੀਪ ਕੌਰ ਵੱਲੋਂ ਦਿੱਤੀ ਗਈ। ਉਹਨਾਂ ਨੇ ਦੱਸਿਆ ਕਿ ਇਹਨਾਂ ਦਸਤਾਰ ਮੁਕਾਬਲਿਆਂ ਵਿੱਚ ਕਲਾਸ ਪੰਜਵੀਂ ਤੋਂ ਲੈ ਕੇ ਬਾਰਵੀਂ ਤੱਕ ਦੇ ਲੜਕਿਆਂ ਵੱਲੋਂ ਹਿੱਸਾ ਲਿਆ ਗਿਆ। ਇਸ ਮੌਕੇ ਜੱਜ ਦੀ ਭੂਮਿਕਾ ਗੁਰਭਿੰਦਰ ਸਿੰਘ ਸੰਧੂ, ਲਖਵਿੰਦਰ ਸਿੰਘ ਦਾਸ (ਅਜੀਤ ਅਖਬਾਰ) ਅਤੇ ਲਖਵਿੰਦਰ ਸਿੰਘ ਸਮਰਾ ਵੱਲੋਂ ਬਾਖੂਬੀ ਨਿਭਾਈ ਗਈ। ਸਫ਼ਰ ਏ ਸ਼ਹਾਦਤ ਦੇ ਸਿਰਲੇਖ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ। ਇਸਦੇ ਨਾਲ ਹੀ ਸਕੂਲ ਦੀਆਂ ਸੱਤਵੀਂ ਕਲਾਸ ਦੀਆਂ ਵਿਦਿਆਰਥਣਾਂ ਜਿਨਾਂ ਵਿੱਚ ਹਰਨੂਰ ਕੌਰ, ਅੰਮ੍ਰਿਤ ਕੌਰ ,ਅਮਨਪ੍ਰੀਤ ਕੌਰ, ਜਸਮੀਤ ਕੌਰ, ਗੁਰਲੀਨ ਕੌਰ ਅਤੇ ਵੰਦਨਾ ਵੱਲੋਂ ਵਲੋਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਜਦ ਕਿ ਵੰਸ਼ਿਕਾ ,ਪੀਹੁਲ ਸੇਤੀਆ, ਗੁਰਨੂਰ ਕੌਰ ਅਤੇ ਗਗਨਦੀਪ ਕੌਰ ਵੱਲੋਂ ਕਵੀਸ਼ਰੀ ਕੀਤੀ ਗਈ। ਇਸਦੇ ਨਾਲ ਹੀ ਬਾਰਵੀਂ (ਆਰਟਸ) ਜਮਾਤ ਦੇ ਵਿਦਿਆਰਥੀ ਏਕ-ਮਜੋਤ ਸਿੰਘ ਵਲੋਂ ਆਪਣੇ ਵਿਦਿਆਰਥੀ ਸਾਥੀਆਂ ਸਮੇਤ ਸ਼ਬਦ ਕੀਰਤਨ ਕੀਤਾ ਗਿਆ ਜਿਸ ਦਾ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਭਰਪੂਰ ਆਨੰਦ ਮਾਣਿਆ ਗਿਆ। ਇਸ ਮੌਕੇ ਸਕੂਲ ਅਧਿਆਪਿਕਾ ਸ੍ਰੀਮਤੀ ਕਮਲਪ੍ਰੀਤ ਕੌਰ ਅਤੇ ਕਿਰਨਦੀਪ ਕੌਰ ਵੱਲੋਂ ਕਵਿਤਾ ਗਾਇਨ ਕੀਤਾ ਗਿਆ। ਦਸਤਾਰ ਮੁਕਾਬਲਿਆਂ ਵਿੱਚ ਪਹਿਲੀ, ਦੂਜੀ ,ਤੀਜੀ ਅਤੇ ਆਊਟਸਟੈਂਡਿੰਗ ਪੁਜੀਸ਼ਨ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸ਼ਹਾਦਤ ਏ ਸਫ਼ਰ ਨੂੰ ਦਰਸਾਉਦੀਆਂ ਕਲਾ ਕ੍ਰਿਤੀਆ ਸਕੂਲ ਔਡੀਟੋਰੀਅਮ ਦੀ ਖਿੱਚ ਦਾ ਕੇਂਦਰ ਬਿੰਦੂ ਰਹੀਆਂ। ਇਸ ਪ੍ਰੋਗਰਾਮ ਨੂੰ ਸਫਲਤਾ ਪੂਰਵਕ ਨੇਪਰੇ ਚਾੜਨ ਦੇ ਵਿੱਚ ਬਲੌਕ ਹੈੱਡ ਮੈਡਮ ਚੇਤਨਾ ਰਾਜਦੇਵ, ਸ਼੍ਰੀਮਤੀ ਰਾਜਵਿੰਦਰ ਕੌਰ ਅਤੇ ਮੈਡਮ ਚਰਨਜੀਤ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਸਟੇਜ ਸੰਚਾਲਨ ਮੈਡਮ ਸਵਪਨਦੀਪ ਕੌਰ ਅਤੇ ਸਰਦਾਰ ਰਣਜੋਤ ਸਿੰਘ ਹੋਰਾਂ ਵੱਲੋਂ ਕੀਤਾ ਗਿਆ । ਪ੍ਰੋਗਰਾਮ ਦੇ ਅਖੀਰ ਵਿੱਚ ਸ਼ਬਦ ਕੀਰਤਨ ਉਪਰੰਤ ਸਭ ਨੂੰ ਕੜਾ ਪ੍ਰਸ਼ਾਦ ਦੀ ਦੇਗ ਵਰਤਾਈ ਗਈ।ਇਸ ਮੌਕੇ ਸਕੂਲ ਮੈਨੇਜਮੈਂਟ ਤੋਂ ਸਰਦਾਰ ਦਲਜੀਤ ਸਿੰਘ ,ਵਾਈਸ ਪ੍ਰਿੰਸੀਪਲ ਸ਼੍ਰੀਮਤੀ ਦਲਜੀਤ ਕੌਰ, ਐਕਟੀਵਿਟੀ ਇੰਚਾਰਜ ਸ਼੍ਰੀਮਤੀ ਦਲਵੀਰ ਕੌਰ ਅਤੇ ਦੀਪਤੀ ਕਵਾਤਰਾ ,ਅਧਿਆਪਕਾਂ ਵਿੱਚੋਂ ਸ਼੍ਰੀਮਤੀ ਰੇਖਾ ਸ਼ਰਮਾਂ,ਬਿਨੇਸ਼ ਸ਼ਰਮਾ,ਮਾਈਕਲ ਤੇ ਬਾਕੀ ਸਭ ਮੌਜੂਦ ਸਨ । ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਨੇ ਕਿਹਾ ਕਿ ਪੜ੍ਹਾਈ ਲਿਖਾਈ ਦੇ ਨਾਲ ਨਾਲ ਬੱਚਿਆਂ ਨੂੰ ਆਪਣੇ ਇਤਿਹਾਸ ਤੋਂ ਜਾਣੂ ਕਰਵਾਉਣਾ ਸਾਡਾ ਪਰਮ ਧਰਮ ਹੈ।ਇਸ ਦੇ ਨਾਲ ਹੀ ਉਹਨਾਂ ਇਹ ਵੀ ਕਿਹਾ ਕਿ ਸਮੂਹ ਏਕਮ ਪਬਲਿਕ ਸਕੂਲ ਨਿੱਕੀ ਉਮਰੇ ਵੱਡੇ ਕਰਮ ਕਰਨ ਕਰਨ ਵਾਲਿਆਂ ਇਹਨਾਂ ਸ਼ਹਾਦਤ ਦੇ ਸਰਤਾਜਾਂ ਨੂੰ ਪ੍ਰਣਾਮ ਕਰਦਾ ਹੈ।



# ਪਿੰਡ ਰੈਲਮਾਜਰਾ ਤੇ ਮਾਜਰਾ ਜੱਟਾਂ ਵਿਖੇ ਕਾਸੋ ਆਪ੍ਰੇਸ਼ਨ ਤਹਿਤ ਆਸਰੋਂ ਪੁਲਿਸ ਨੇ ਕੀਤੀ ਚੈਕਿੰਗ

**ਨਵਾਂਸ਼ਹਿਰ /ਕਾਠਗੜ੍ਹ, (ਹਰਸਿਮਰਨ ਜੋਤ ਸਿੰਘ ਕਲੇਰ )** ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਦਿੱਤੇ ਗਏ ਹੁਕਮਾਂ ਦੀ ਪਾਲਣਾ ਕਰਦੇ ਹੋਏ ਐੱਸਐੱਸਪੀ ਤੁਸ਼ਾਰ ਗੁਪਤਾ ਆਈਪੀਐੱਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡੀਐੱਸਪੀ ਬਲਾਚੌਰ ਹੇਮੰਤ ਮਲਹੋਤਰਾ ਦੀ ਅਗਵਾਈ ਹੇਠ ਥਾਣਾ ਸਦਰ ਬਲਾਚੌਰ ਦੇ ਮੁਖੀ ਬਿਕਰਮਜੀਤ ਸਿੰਘ, ਥਾਣਾ ਕਾਠਗੜ੍ਹ ਦੇ ਮੁਖੀ ਅਭਿਸੇਕ ਸ਼ਰਮਾ ਅਤੇ ਪੁਲਿਸ ਚੋਂਕੀ ਆਸਰੋਂ ਦੇ ਇੰਚਾਰਜ ਸਿਕੰਦਰ ਪਾਲ ਨੇ ਆਪਣੇ ਪੁਲਿਸ ਮੁਲਾਜ਼ਮਾਂ ਦੀ ਟੀਮ ਨਾਲ ਪਿੰਡ ਰੈਲ ਮਾਜਰਾ ਤੇ ਮਾਜਰਾ ਜੱਟਾਂ ਵਿਖੇ ਕਾਸੋ ਆਪ੍ਰੇਸ਼ਨ ਤਹਿਤ ਚੈਕਿੰਗ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਕਾਠਗੜ੍ਹ ਦੇ ਐਸਐਚਓ ਅਭਿਸ਼ੇਕ ਸ਼ਰਮਾ ਨੇ ਦੱਸਿਆ ਕਿ ਉਕਤ ਪਿੰਡਾਂ ਵਿਚ ਘਰ-ਘਰ ਜਾ ਕੇ ਬਰੀਕੀ ਨਾਲ ਚੈਕਿੰਗ ਕੀਤੀ ਗਈ ਅਤੇ ਇਸ ਤਲਾਸ਼ੀ ਦੌਰਾਨ ਪਿੰਡ ਵਾਸੀਆਂ ਵੱਲੋਂ ਪੁਲਿਸ ਨੂੰ ਪੂਰਾ ਸਹਿਯੋਗ ਦਿੱਤਾ ਗਿਆ। ਉਹਨਾਂ ਦੱਸਿਆ ਕਿ ਇਸ ਕਾਸੋ ਆਪ੍ਰੇਸ਼ਨ ਦੌਰਾਨ ਕਿਸੇ ਵੀ ਘਰ ਤੋਂ ਕੋਈ ਵੀ ਇਤਰਾਜ਼ਯੋਗ ਨਜਾਇਜ਼ ਨਸ਼ਾ ਸਮੱਗਰੀ ਬਰਾਮਦ ਨਹੀਂ ਹੋਈ। ਥਾਣਾ ਮੁਖੀ ਨੇ ਅੱਗੇ ਦੱਸਿਆ ਕਿ ਥਾਣਾ ਕਾਠਗੜ੍ਹ ਅਧੀਨ ਪੈਂਦੇ ਪਿੰਡਾਂ ਦੇ ਦੋ ਨਸ਼ੇ ਦੇ ਆਦੀ ਨੌਜਵਾਨਾਂ ਨੂੰ ਅੱਜ ਨਸ਼ਾ ਛਡਾਊ ਕੇਂਦਰ ਨਵਾਂਸ਼ਹਿਰ ਅਤੇ ਬਲਾਚੌਰ ਭੇਜਿਆ ਜਾਵੇਗਾ। ਤਾਂ ਜੋ ਉਹ ਨਸ਼ਾ ਛੱਡ ਕੇ ਸਮਾਜ ਵਿਚ ਚੰਗੀ ਜ਼ਿੰਦਗੀ ਜਿਉਣ ਦਾ ਮੌਕਾ ਹਾਸਿਲ ਕਰਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਇਲਾਕੇ ਵਿਚ ਨਸ਼ਾ ਵੇਚਦਾ ਹੈ ਜਾਂ ਨਸ਼ਾ ਕਰਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਥਾਣਾ ਕਾਠਗੜ੍ਹ ਅਤੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਜਾਂ ਗੈਰ ਕਾਨੂੰਨੀ ਕੰਮ ਕਰਦਾ ਫੜਿਆ ਗਿਆ ਤਾਂ ਉਸ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।





**ਪਿੰਡ ਰੈਲ ਮਾਜਰਾ ਤੇ ਮਾਜਰਾ ਜੱਟਾਂ ਵਿਖੇ ਕਾਸੋ ਅਪਰੇਸ਼ਨ ਤਹਿਤ ਚੈਕਿੰਗ ਕਰਦੀ ਹੋਈ ਪੁਲਿਸ।**

# ਸਰਕਾਰੀ ਪ੍ਰਾਇਮਰੀ ਸਕੂਲ ਭਨੋਹੜ ਵਿਖੇ ਮੈਗਾ ਮਾਪੇ ਅਧਿਆਪਕ ਮਿਲਣੀ ਦਾ ਆਯੋਜਨ

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਹਿੱਤ ਜਿਲਾ ਸਿੱਖਿਆ ਅਫਸਰ ਮੈਡਮ ਡਿੰਪਲ ਮਦਾਨ ਦੇ ਹੁਕਮਾਂ ਦੀ ਤਾਮੀਲ ਕਰਦਿਆਂ ਸਰਕਾਰੀ ਪ੍ਰਾਇਮਰੀ ਸਕੂਲ ਭਨੋਹੜ ਵਿਖੇ ਹੈਡ ਟੀਚਰ ਮੈਡਮ ਸਵਿੰਦਰ ਕੌਰ ਦੀ ਦੇਖ ਰੇਖ ਹੇਠ ਮੈਗਾ ਮਾਪੇ ਅਧਿਆਪਕ ਮਿਲਣੀ ਕਰਵਾਈ ਗਈ। ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ ਤੇ ਆਯੋਜਿਤ ਕੀਤੀ ਗਈ ਇਸ ਮੀਟਿੰਗ ਵਿੱਚ ਮਾਪਿਆਂ ਨੇ ਆਪਣੇ ਵਿਦਿਆਰਥੀਆਂ ਦੀਆਂ ਵਿਦਿਅਕ ਅਤੇ ਸਹਿਯੋਗੀ ਗਤੀਵਿਧੀਆਂ ਸਬੰਧੀ ਮੀਟਿੰਗ ਵਿੱਚ ਵਿਸ਼ੇਸ਼ ਰੁਚੀ ਦਿਖਾਈ। ਇਸ ਮੀਟਿੰਗ ਵਿੱਚ ਹਾਜ਼ਰ ਹੋਏ ਮਾਪਿਆਂ ਦੀ ਵਰਕਸ਼ਾਪ ਦਾ ਆਯੋਜਨ ਮਾ.ਹਰਵਿੰਦਰ ਸਿੰਘ ਨੇ ਕੀਤਾ ਅਤੇ ਉਹਨਾਂ ਨੂੰ ਸਕੂਲ ਦੇ ਵਿਦਿਆਰਥੀਆਂ ਦੀਆਂ ਵੱਖ ਵੱਖ ਕਿਰਿਆਵਾਂ ਵਿੱਚ ਜਿਲਾ, ਬਲਾਕ ਤੇ ਸਕੂਲ ਪੱਧਰੀ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਮਾਨਸਿਕ, ਬੌਧਿਕ ਤੇ ਵਿਦਿਅਕ ਵਿਕਾਸ ਹਿਤ ਦੇਖ ਭਾਲ, ਪਿਆਰ ਭਾਵਨਾਵਾਂ, ਸਿੱਖਿਆ ਆਦਤਾਂ ਅਤੇ ਸੋਚ ਵਿੱਚ ਮਾਰਗ ਦਰਸ਼ਨ ਅਤੇ ਭਵਿੱਖ ਦੇ ਰਾਹਾਂ ਸਬੰਧੀ ਯੋਗ ਅਗਵਾਈ ਕਰਨ ਸਬੰਧੀ ਮਾਪਿਆਂ ਦੀ ਭੂਮਿਕਾ ਦੀ ਚੈਕ ਲਿਸਟ ਬਾਰੇ ਵੀ ਵਿਚਾਰ ਸਾਂਝੇ ਕੀਤੇ। ਇਸ ਮੌਕੇ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਕਰਮਜੀਤ ਕੌਰ, ਮੈਂਬਰ ਹਰਪ੍ਰੀਤ ਸਿੰਘ ਅਨਵਰ ਹੁਸੈਨ ਅਮਨਦੀਪ ਕੌਰ , ਮਾ. ਸੁਖਵੰਤ ਸਿੰਘ ਮੈਡਮ ਗੁਰਵਿੰਦਰ ਕੌਰ , ਮੈਡਮ ਪ੍ਰਦੀਪ ਕੌਰ , ਮੈਡਮ ਸੁਮਨ ਬਾਲਾ ਤੋਂ ਇਲਾਵਾ ਮਾਪੇ ਅਤੇ ਵਿਦਿਆਰਥੀ ਹਾਜ਼ਰ ਸਨ।





# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:

# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: ਸ਼ੂਗਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), (Sciatica), ਬਦਹਜ਼ਮੀ (Indigestion), (Heart Burning), ਕਬਜ਼ੀ (Constipation), ਬਵਾਸੀਰ (Piles), (Haemorrhoids), (Flatulence), ਪੀਲੀਆ ਰੋਗ (Jaundice), (Hepatitis), (Hernia), ਬਲੱਡ ਪ੍ਰੈਸ਼ਰ (Blood Presure High or Low), ਮੁਟਾਪਾ (Obesity), (Migraine), ਵਾਲਾਂ ਦਾ ਝੜਨਾ (Hair Falling), (Alopecia), ਚਿਹਰੇ ਤੇ ਕਿੱਲ (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA, (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਣਾਅ, ਥਕਾਵਟ, ਚਿੰਤਾ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ਨੁਸਖਾ- -------- 1 ਮਹੀਨੇ ਦੀ ਕੀਮਤ £35
2) -------- 1 ਮਹੀਨੇ ਦੀ ਕੀਮਤ £35
3) (HEALTHY SPERMS) 1 ਮਹੀਨੇ ਦੀ ਕੀਮਤ £40
4) -------- 1 ਮਹੀਨੇ ਦੀ ਕੀਮਤ £35
5) -------- 1 ਮਹੀਨੇ ਦੀ ਕੀਮਤ £35
6) -------- 1 ਮਹੀਨੇ ਦੀ ਕੀਮਤ £30
7) -------- 1 ਮਹੀਨੇ ਦੀ ਕੀਮਤ £25
8) -------- 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE).

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION, 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) (PIGMENTATION WHITE SPOTS) £69
ਨੁਸਖਾ ਨੰਬਰ 2 (IN CAPSULES OR IN PEARLS) PROPER SHAPE £89
ਨੁਸਖਾ ਨੰਬਰ 3 (IN CAPSULES) (POWERFUL FAT BURNER) £69
ਨੁਸਖਾ ਨੰਬਰ 4 (IN CAPSULES) (FLABBY & OUT OF SHAPE BELLY) FLAT ਅਤੇ TONED £69
ਨੁਸਖਾ ਨੰਬਰ 5 (IN CAPSULES) (FEMALE SEX-DRIVE) A REAL MAGIC £69
ਨੁਸਖਾ ਨੰਬਰ 6 (GEL IN APPLICATORS) SEXUAL DISCOMFORT (VAGINAL LUBRICATION GEL # (MAGIC)) £49
ਨੁਸਖਾ ਨੰਬਰ 7 (IN CAPSULES) (MENOPAUSE) CALCIUM (OSTEOPOROSIS) £59
ਨੁਸਖਾ ਨੰਬਰ 8 (IN CAPSULES) £59
ਨੁਸਖਾ ਨੰਬਰ 9 (IN CAPSULES) £59
ਨੁਸਖਾ ਨੰਬਰ 10 (IN CAPSULES) GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) (ANAEMIA) £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) (SPECIAL OCCASIONS) £89
ਨੁਸਖਾ ਨੰਬਰ 13 (IN VIALS) £89
ਨੁਸਖਾ ਨੰਬਰ 14 (IN TABLETS) SEXUAL MALE DISORDERS £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA, (HOM.), (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) £19
NURALACO (IN OINTMENT OR LOTION) £19
CHILLAGA (IN OINTMENT OR LOTION) £19
ARNSTRA (IN OINTMENT) (SPRAINS) (BED SORES) £19
BELINFLA (IN OIL OR OINTMENT) £19
BELULCE (IN OIL) ULCERS £19
BRYJOIN (IN OIL) £19
CALWOUN (IN OIL OR OINTMENT) £19
BURCAN (IN LOTION OR OINTMENT) £19
ROUTUM (IN OINTMENT) £19
JOINRHU (IN OIL) £19
ASSSIL (IN LOTION) £19
ITCSUL (IN OIL) £19
WARTHU (IN OIL) (WARTS) £19

* HOMOEOPATHIC HEALTH CLINIC £10

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਹਾਰ ਤੋਂ ਬਾਅਦ ਨਾਰਾਜ਼ ਵਰਕਰਾਂ ਦੀ ਆਈ ਯਾਦ:ਰਣਬੀਰ ਸਿੰਘ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਆਪਣੇ ਆਪ ਨੂੰ ਲੀਡਰ ਕਹਾਉਣ ਵਾਲੇ ਆਮ ਆਦਮੀ ਪਾਰਟੀ ਦੇ ਕੁੱਝ ਲੋਕ ਇਹ ਖਬਰਾਂ ਲਗਾ ਰਹੇ ਹਨ ਕਿ ਪੁਰਾਣੇ ਵਰਕਰਾਂ ਦੀ ਨਾਰਾਜ਼ਗੀ ਹਾਰ ਦਾ ਕਾਰਨ ਬਣੀ। ਹਾਰ ਦਾ ਕਾਰਨ ਵਰਕਰਾਂ ਦੀ ਨਿਰਾਸ਼ਾ ਨਹੀਂ ਤੁਹਾਡੀ ਉਹ ਸੋਚ ਹੈ ਜੋ ਵੋਟਾਂ ਤੋਂ ਬਾਅਦ ਦੇਖਣ ਨੂੰ ਮਿਲੀ।ਆਉਣ ਵਾ.ਲੇ ਸਮੇਂ ਵਿੱਚ ਇੰਨਾਂ ਵਰਕਰਾਂ ਨੂੰ ਨਾਲ ਲੈ ਕੇ ਚੱਲਿਆ ਜਾਵੇਗਾ ਅਤੇ ਬਣਦਾ ਮਾਨ ਸਨਮਾਨ ਦਿੱਤਾ ਜਾਵੇ। ਇਹੋ ਜਿਹੀ ਹਾਸੋਹੀਣੀ ਗੱਲ ਉਹ ਲੀਡਰ ਕਰਦੇ ਹਨ ਜੋ ਖੁਦ ਅਹੁਦੇ ਲਈ ਬੈਠੇ ਹਨ ਅਤੇ ਮਾੜੇ ਸਮੇਂ ਪਾਰਟੀ ਛੱਡ ਗਏ ਸੀ ਅਤੇ ਇੰਨਾਂ ਚੋਣਾਂ ਵਿੱਚ ਪਾਰਟੀ ਦੇ ਚੋਣ ਪ੍ਰਚਾਰ ਲਈ ਮੈਦਾਨ ਵਿੱਚ ਨਹੀਂ ਆਏ ਅਤੇ ਲੋਕਾਂ ਦੇ ਵਿਆਹਾਂ ਭੋਗਾਂ ਦੀ ਪੋਸਟਾਂ ਸੋਸ਼ਲ ਮੀਡੀਆ ਤੇ ਪਾਉਂਦੇ ਰਹਿੰਦੇ ਹਨ। ਇਹੋ ਜਿਹੇ ਲੀਡਰਾਂ ਨੂੰ ਸ਼ਰਮ ਨਹੀਂ ਆਉਂਦੀ ਕਿ 4 ਸਾਲ ਤੁਸੀਂ ਕਿਸੇ ਵਰਕਰ ਨੂੰ ਪੁਛਿਆ ਨਹੀਂ ਅਤੇ ਵੋਟਾਂ ਆ ਗਈਆਂ ਤੁਹਾਨੂੰ ਯਾਦ ਆਉਣ ਲੱਗ ਪਏ। ਇੰਨਾਂ ਗੱਲਾਂ



ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਨਾਲ ਮੁਸ਼ਕਿਲ ਸਮੇਂ ਖੜੇ ਰਹੇ ਰਣਬੀਰ ਚੇਚੀ ਨੇ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਲੀਡਰਾਂ ਦਾ ਤਾਂ ਉਹ ਕੰਮ ਹੈ ਵੋਟਾਂ ਵੇਲੇ ਬਾਪੂ ਕਹਿੰਦੇ ਮੁੜ ਬਾਪੂ ਦੀ ਸਾਰ ਨਾ ਲੈਂਦੇ। ਇਹੋ ਜਿਹੇ ਲੀਡਰਾਂ ਨੂੰ ਬੇਨਤੀ ਹੈ ਕਿ ਤੁਸੀਂ ਤਾਂ 2017 ਵਿੱਚ ਪਾਰਟੀ ਦੇ ਬੁਰੇ ਸਮੇਂ ਵਿੱਚ ਪਾਰਟੀ ਛੱਡ ਗਏ ਸੀ। ਸਰਕਾਰ ਬਣਨ ਤੋਂ ਫਿਰ ਆ ਗਏ ਅਤੇ ਹੁਣ ਮਾਨ ਸਨਮਾਨ ਦੀ ਗੱਲ ਕਰਦੇ ਹਨ। ਪਾਰਟੀ ਦੀਆਂ ਨੀਤੀਆਂ ਨਾਲ ਜੁੜੇ ਜੁਝਾਰੂ ਵਰਕਰ ਆਪਣਾ ਮਾਨ ਸਨਮਾਨ ਜਾਣਦੇ ਹਨ। ਤੁਸੀਂ ਕੀ ਮਾਨ ਸਨਮਾਨ ਦੇਣਾ ਉਨ੍ਹਾਂ ਨੂੰ। ਲੀਡਰ ਇਹ ਵੀ ਕਹਿ ਰਹੇ ਕਿ ਪਾਰਟੀ ਦੇ ਕੀਤੇ ਕੰਮਾਂ ਦੀ ਗੱਲ ਲੋਕਾਂ ਤੱਕ ਨਹੀਂ ਪਹੁੰਚ ਪਾਈ ਹੁਣ ਉਨ੍ਹਾਂ ਕੰਮਾਂ ਨੂੰ ਲੈ ਕੇ ਲੋਕਾਂ ਵਿੱਚ ਜਾਵਾਂਗੇ। ਤੁਸੀਂ ਕੀ ਜਾਣਾ ਲੋਕ ਖੁਦ ਦੇਖਦੇ ਹਨ ਕੀ ਹੋਇਆ ਕੀ ਨਹੀਂ ਹੋਇਆ। ਆਉਣ ਵਾਲੇ ਸਮੇਂ ਵਿੱਚ ਪਾਰਟੀ ਤੋਂ ਨਾਰਾਜ਼ ਚੱਲ ਰਹੇ ਵਰਕਰ ਕੀ ਫੈਸਲਾ ਲੈਣਗੇ ਉਹ ਵਰਕਰਾਂ ਨੇ ਖੁਦ ਤੈਅ ਕਰ ਲੈਣਾ ਲੀਡਰਾਂ ਨੂੰ ਬੇਨਤੀ ਹੈ ਤੁਸੀਂ ਆਪਣੀ ਕੁਰਸੀ ਲਈ ਮਿਹਨਤ ਕਰਦੇ ਰਹੋ ਵਰਕਰਾਂ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ। ਸਾਰੇ ਵਰਕਰ ਸਾਥੀਆਂ ਨੂੰ ਬੇਨਤੀ ਹੈ ਕਿ ਹੁਣ ਇੰਨਾਂ ਲੀਡਰਾਂ ਪਿੱਛੇ ਲੱਗਣ ਦੀ ਲੋੜ ਨਹੀਂ ਹੈ।ਆਪਾਂ ਸਾਰੇ ਇੱਕ ਪਲੇਟਫਾਰਮ ਤੇ ਇਕੱਠੇ ਹੋ ਕੇ ਆਪਸ ਵਿੱਚ ਵਿਚਾਰ ਕਰਕੇ ਹੀ ਅੱਗੇ ਜੋ ਵੀ ਕਰਨਾ ਹੈ ਕਰਾਂਗੇ।

ਮੇਰੀ ਉਸ ਲੀਡਰ ਨੂੰ ਵੀ ਬੇਨਤੀ ਹੈ ਜੋ ਫੀਲਡ ਵਿੱਚ ਜਾ ਕੇ ਕਹਿੰਦਾ ਹੈ ਕਿ ਮੇਰੀ ਪਾਰਟੀ ਨਾਲ ਗੱਲ ਹੋਈ ਹੈ ਕਿ ਟਿਕਟ ਮੈਨੂੰ ਹੀ ਮਿਲਣੀ ਹੈ। ਹਾਈਕਮਾਨ ਨਾਲ ਜੋੜ ਤੋੜ ਕਰਕੇ ਟਿਕਟ ਤਾਂ ਲੈ ਆਵੋਗੇ ਪਰ ਜਿੰਨਾਂ ਦੇ ਸਿਰ ਤੇ ਚੋਣ ਜਿੱਤਣੀ ਉਹ ਤਾਂ ਲੰਮੇ ਸਮੇਂ ਤੋਂ ਤੁਹਾਨੂੰ ਯਾਦ ਨਹੀਂ ਆਏ। ਸੋ ਵਰਕਰ ਹੁਣ ਤੁਹਾਡੀਆਂ ਗੱਲਾਂ ਵਿਚ ਆਉਣ ਵਾਲੇ ਨਹੀਂ। ਜੋ ਤੁਹਾਨੂੰ ਚੰਗਾ ਲੱਗਾ 4 ਸਾਲ ਤੁਸੀਂ ਕੀਤਾ। ਹੁਣ ਜੋ ਵਰਕਰ ਨੂੰ ਚੰਗਾ ਲੱਗੇਗਾ ਉਹ ਖੁਦ ਕਰੇਗਾ।

# ਮਗਨਰੇਗਾ ਸਕੀਮ ਦਾ ਭੋਗ ਪਾਉਣ ਦੀਆਂ ਸਾਜ਼ਿਸ਼ਾਂ ਅਤੇ ਬਿਜਲੀ ਸੋਧ ਬਿੱਲ ਲਿਆਉਣ ਵਾਲੀ ਭਾਜਪਾ ਸਰਕਰ ਖਿਲਾਫ - 7 ਨੂੰ ਰੋਸ ਪ੍ਰਦਰਸਨ

**ਨਵਾਂਸਹਿਰ (ਸਤਨਾਮ ਸਿੰਘ ਸਹੂੰਗੜਾ)** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਕੇਂਦਰ ਸਰਕਾਰ ਵਲੋਂ ਇੱਕ ਤੋਂ ਬਾਅਦ ਇੱਕ ਲਿਆਂਦੇ ਜਾ ਰਹੇ ਲੋਕ ਵਿਰੋਧੀ ਕਾਨੂੰਨਾਂ ਦੀ ਸਖਤ ਨਿਖੇਧੀ ਕਰਦਿਆਂ ਜਿਲ੍ਹਾ ਪ੍ਰਧਾਨ ਕਮਲਜੀਤ ਸਨਾਵਾ, ਹਰੀ ਰਾਮ ਰਸੂਲਪੁਰ, ਕਿਰਨਜੀਤ ਕੌਰ, ਇਲਾਕਾ ਪ੍ਰਧਾਨ ਸੁਰਿੰਦਰ ਮੀਰਪੁਰ ਕਿਹਾ ਕਿ ਕਿਰਤ ਕਾਨੂੰਨਾਂ ਵਿੱਚ ਕੀਤੀਆਂ ਗਈਆਂ ਮਜ਼ਦੂਰ ਵਿਰੋਧੀ ਤਬਦੀਲੀਆਂ ਅਤੇ ਹੁਣ ਬਿਜਲੀ ਸੋਧ ਬਿਲ 2025 ਅਤੇ ਵੈਬ-ਜੀ ਰਾਮ ਜੀ ਕਾਨੂੰਨ ਲਿਆ ਕੇ ਮਨਰੇਗਾ ਦਾ ਸਿਰਫ ਨਾਮ ਹੀ ਨਹੀਂ ਬਦਲਿਆ ਜਾ ਰਿਹਾ ਸਗੋਂ ਇਸ ਵਿੱਚ ਕੀਤੀਆਂ ਮਜ਼ਦੂਰ ਮਾਰੂ ਸੋਧਾਂ ਨੂੰ ਇਸ ਕਾਨੂੰਨ ਤਹਿਤ ਮਜ਼ਦੂਰ ਵਰਗ ਨੂੰ ਮਿਲਦਾ ਨਾ ਮਾਤਰ ਰੁਜ਼ਗ-ਾਰ ਖੋਹ ਕੇ ਕਿਰਤੀ ਲੋਕਾਂ ਦੇ ਚੁੱਲ੍ਹੇ ਠੰਢੇ ਕਰਨ ਦੀ ਸਾਜ਼ਿਸ਼ ਘੜੀ ਹੈ। ਇਸਦੇ ਵਿਰੁੱਧ ਵਜੋਂ ਪੰਜਾਬ ਭਰ ਚ ਮਜ਼ਦੂਰ ਵਿਰੋਧੀ ਉਪਰੋਕਤ ਤਿੰਨੇ ਕਾਲੇ ਕਾਨੂੰਨਾਂ ਤੇ ਕੇਂਦਰ ਸਰਕਾਰ ਖਿਲਾਫ ਪਿੰਡ ਪੂੰਨੂੰ ਮਜਾਰਾ, ਸਹਾਬਪੁਰ, ਸਨਾਵਾ ਵਿਖੇ ਪੁਤਲੇ ਫੂਕੇ ਗਏ। ਇਸ ਮੌਕੇ ਆਗੂਆਂ ਨੇ ਕਿਹਾ ਕਿ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਅਥਾਹ ਬੇਰੁਜ਼ਗਾਰੀ ਦਾ ਸੰਤਾਪ ਹੰਢਾਉਂਦੇ ਪੇਂਡੂ ਤੇ ਖੇਤ ਮਜ਼ਦੂਰਾਂ ਨੂੰ ਮਨਰੇਗਾ ਤਹਿਤ ਪਹਿਲਾਂ ਹੀ ਨਿਗੂਣਾ ਰੁਜ਼ਗਾਰ ਦਿੱਤਾ ਜਾ ਰਿਹਾ ਸੀ, ਪਰ ਹੁਣ ਇਸ ਸਕੀਮ 'ਤੇ ਹੋਣ ਵਾਲੇ ਖਰਚੇ ਦਾ ਕੇਂਦਰ ਸਰਕਾਰ ਦੁਆਰਾ ਪਹਿਲਾਂ ਪਾਇਆ ਜਾਂਦਾ 90 ਫੀਸਦੀ ਬੱਜਟ ਹਿੱਸਾ ਘਟਾਕੇ 60 ਫੀਸਦੀ ਕਰਨ ਅਤੇ ਸੂਬਾ ਸਰਕਾਰਾਂ ਵੱਲੋਂ 40 ਫੀਸਦੀ ਹਿੱਸਾ ਪਾਉਣ ਦੀ ਸ਼ਰਤ ਲਾ



ਕੇ ਮੋਦੀ ਸਰਕਾਰ ਇਸ ਸਕੀਮ ਦਾ ਭੋਗ ਪਾਉਣ ਜਾ ਰਹੀ ਹੈ। ਉਹਨਾਂ ਆਖਿਆ ਕਿ ਇੱਕ ਤਾਂ ਪਹਿਲਾਂ ਹੀ ਕੇਂਦਰ ਸੂਬਿਆਂ ਦੇ ਅਧਿਕਾਰ ਖੋਹ ਕੇ ਸੂਬਿਆਂ ਨੂੰ ਕੇਂਦਰ ਕੋਲ ਹੱਥ ਅੱਡਣ ਜੋਗੇ ਕਰ ਛੱਡਿਆ ਹੈ। ਕੇਂਦਰ ਤੇ ਸੂਬਾਈ ਸਰਕਾਰਾਂ ਵੱਲੋਂ ਇੱਕ ਦੂਜੇ 'ਤੇ ਮਨਰੇਗਾ ਬਜ਼ਟ ਨਾ ਜੁਟਾਉਣ ਦੇ ਦੋਸ਼ ਮੜ੍ਹਕੇ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਹੋਰ ਖੋਰਾ ਲਾਇਆ ਜਾਵੇਗਾ। ਉਹਨਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੱਲੋਂ ਵਰਲਡ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਵਰਗੀਆਂ ਸਾਮਰਾਜੀ ਸੰਸਥਾਵਾਂ ਦੁਆਰਾ ਲੋਕ ਭਲਾਈ ਯੋਜਨਾਵਾਂ 'ਤੇ ਖ਼ਰਚੇ ਜਾਂਦੇ ਬੱਜਟਾਂ ਉੱਪਰ ਉਹਨਾਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਲੋਕ ਵਿਰੋਧੀ ਕਾਨੂੰਨ ਪਾਸ ਕਰਕੇ ਇਹਨਾਂ ਸਕੀਮਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ । ਮਜ਼ਦੂਰ ਆਗੂਆਂ ਨੇ ਆਖਿਆ ਕਿ ਖੇਤੀ ਸੀਜ਼ਨ ਦੌਰਾਨ ਦੋ ਮਹੀਨੇ ਮਨਰੇਗਾ ਦਾ ਕੰਮ ਬੰਦ ਰੱਖਣ ਦੀ ਹਦਾਇਤ ਜਗੀਰਦਾਰਾਂ ਨੂੰ ਸਸਤੇ ਮੁੱਲ ਉੱਤੇ ਕਿਰਤ ਸ਼ਕਤੀ ਮੁਹੱਈਆ ਕਰਵਾ ਕੇ ਜਗੀਰਦਾਰ ਅਤੇ ਭੂਮੀਪਤੀਆਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਹੈ। ਫਸਲ ਦੇ ਸੀਜ਼ਨ ਵਿੱਚ 60 ਦਿਨ ਕੰਮ ਬੰਦ ਰੱਖਣਾ ਅਤੇ 100 ਦਿਨ ਦੀ ਜਗ੍ਹਾ 125 ਦਿਨ ਦੇਣ ਦਾ ਐਲਾਨ ਮਹਿਜ਼ ਛਲਾਵਾ ਹੀ ਹੈ। ਮਜ਼ਦੂਰ ਆਗੂਆਂ ਨੇ ਇਹ ਵੀ ਦੋਸ਼ ਲਾਇਆ ਕਿ ਮੋਦੀ ਸਰਕਾਰ ਮਨਰੇਗਾ ਦਾ ਨਾਮ ਬਦਲ ਕੇ "ਵੈਬ- ਜੀ ਰਾਮ ਜੀ" ਕਰਨ ਰਾਹੀਂ "ਮੂੰਹ ਚੋਂ ਰਾਮ ਰਾਮ ਤੇ ਬ.ਗਲ ਮੇਂ ਛੁਰੀ" ਕਹਾਵਤ ਵਾਂਗ ਆਰ ਐਸ ਐਸ ਤੇ ਬੀ ਜੇ ਪੀ ਦੇ ਵਿਚਾਰਧਾਰਕ ਫਿਰਕੂ ਏਜੰਡੇ ਨੂੰ ਲਾਗੂ ਕਰਨ ਵਿੱਚ ਤੇਜੀ ਲਿਆਉਣਾ ਚਾਹੁੰਦੀ ਹੈ। ਇਸ ਦਿਸ਼ਾ ਵਿੱਚ ਹੀ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੇ 29 ਕਿਰਤ ਕਾਨੂੰਨਾਂ ਨੂੰ ਬਦਲ ਕੇ ਕਾਰ-ਪੋਰੇਟ ਘਰਾਣਿਆਂ ਅਤੇ ਮਾਲਕਾਂ ਪੱਖੀ ਚਾਰ ਕਿਰਤ ਕੋਡ ਲਿਆ ਕੇ ਕੀਤਾ ਗਿਆ ਹੈ। ਉਹਨਾਂ ਨੇ ਸਮੁੱਚੇ ਪੇਂਡੂ ਮਜ਼ਦੂਰਾਂ, ਸਨਅਤੀ ਕਾਮਿਆ ਨੂੰ ਇੱਕ ਮੁੱਠ ਹੋ ਕੇ ਸੰਘਰਸ਼ ਦਾ ਸੱਦਾ ਦਿੱਤਾ। ਪੇਂਡੂ ਮਜ਼ਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਕਮਲਜੀਤ ਸਨਵਾ ਅਤੇ ਜਿਲੇ ਦੇ ਸੈਕਟਰੀ ਹਰੀ ਰਾਮ ਨੇ ਇਹ ਐਲਾਨ ਵੀ ਕੀਤਾ ਕਿ ਕੇਂਦਰ ਸਰਕਾਰ ਦੇ ਇਸ ਕਦਮ ਖਿਲਾਫ ਸੰਘਰਸ਼ ਤੇਜ਼ ਕੀਤਾ ਜਾਵੇਗਾ ਅਤੇ ਹੱਕੀ ਮਜ਼ਦੂਰ ਮੰਗਾਂ ਨੂੰ ਲੈ ਕੇ 7 ਜਨਵਰੀ ਨੂੰ ਡਿਪਟੀ ਕਮਿਸ਼ਨਰ ਦਫ਼ਤਰਾਂ ਅੱਗੇ ਦਿੱਤੇ ਜਾ ਰਹੇ ਧਰਨਿਆਂ ਦੌਰਾਨ ਇਸ ਕਦਮ ਨੂੰ ਵਾਪਸ ਲੈਣ ਸਬੰਧੀ ਜ਼ੋਰਦਾਰ ਅਵਾਜ਼ ਬੁਲੰਦ ਕੀਤੀ ਜਾਵੇਗੀ।

# ਗਰੀਬੀ ਅਤੇ ਬਿਮਾਰੀ ਦੀ ਦੋਹਰੀ ਮਾਰ ਝੱਲ ਰਿਹਾ ਪਿੰਡ ਸ਼ੇਰਗੜ੍ਹ ਦਾ ਗੋਪੀ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਕਹਿੰਦੇ ਹਨ ਕਿ ਗਰੀਬੀ ਇਨਸਾਨ ਦਾ ਇਮਤਿਹਾਨ ਲੈਂਦੀ ਹੈ, ਪਰ ਪਿੰਡ ਸ਼ੇਰਗੜ੍ਹ ਦੇ ਰਹਿਣ ਵਾਲੇ ਲੱਗਭਗ 30 ਸਾਲਾ ਗੋਪੀ ਲਈ ਇਹ ਇਮਤਿਹਾਨ ਬਹੁਤ ਕਠਿਨ ਹੋ ਗਿਆ ਹੈ। ਗੋਪੀ ਦੇ ਬਜ਼ੁਰਗ ਮੰਮੀ ਡੈਡੀ ਨੇ ਰੋਂਦੇ ਵਿਲਕਦਿਆਂ ਹੋਇਆਂ ਦੱਸਿਆ ਕਿ ਗੋਪੀ ਪਿਛਲੇ ਕਾਫੀ ਲੰਬੇ ਸਮੇਂ ਤੋਂ ਇੱਕ ਭਿਆਨਕ ਬਿਮਾਰੀ ਨਾਲ ਜੂਝ ਰਿਹਾ ਹੈ। ਘਰ ਦੀ ਆਰਥਿਕ ਹਾਲਤ ਇੰਨੀ ਮਾੜੀ ਹੈ ਕਿ ਪਰਿਵਾਰ ਕੋਲ ਇਲਾਜ ਕਰਵਾਉਣਾ ਤਾਂ ਦੂਰ ਦੀ ਗੱਲ ਦੋ ਵਕਤ ਦੀ ਰੋਟੀ ਜੁਟਾਉਣੀ ਵੀ ਮੁਸ਼ਕਿਲ ਹੋ ਗਈ ਹੈ।

ਉਹਨਾਂ ਦੱਸਿਆ ਕਿ ਸਾਨੂੰ ਗੋਪੀ ਹੀ ਰੋਟੀ ਦੇ ਰਿਹਾ ਸੀ ਤੇ ਇਹ ਹੁਣ ਖੁਦ ਇੱਕ ਭਿਆਨਕ ਬਿਮਾਰੀ ਨਾਲ ਪੀੜਤ ਹੈ। ਇਸ ਉਮਰ ਵਿੱਚ ਜਿੱਥੇ ਬੱਚਿਆਂ ਨੂੰ ਮਾਪਿਆਂ ਦਾ ਸਹਾਰਾ ਬਣਨਾ ਚਾਹੀਦਾ ਸੀ, ਉੱਥੇ ਇਹ ਬਜ਼ੁਰਗ ਮਾਪੇ ਆਪਣੇ ਪੀੜਤ ਪੁੱਤ ਦੀ ਹਾਲਤ ਦੇਖ ਕੇ ਦਿਨ-ਰਾਤ ਹੰਝੂ ਵਹਾ ਰਹੇ ਹਨ। ਪਰਿਵਾਰ ਕੋਲ ਆਮਦਨ ਦਾ ਕੋਈ ਸਾਧਨ ਨਹੀਂ ਹੈ, ਜਿਸ ਕਾਰਨ ਗੋਪੀ ਦਾ ਇਲਾਜ ਕਰਵਾਉਣਾ ਹੁਣ ਸੰਭਵ ਨਹੀਂ ਹੈ।

ਗੋਪੀ ਦੇ ਬਜ਼ੁਰਗ ਮਾਪਿਆਂ ਨੇ ਰੋਦਿਆ ਹੋਇਆ ਦੱਸਿਆ ਕਿ

## ਬਜ਼ੁਰਗ ਮਾਪਿਆਂ ਨੇ ਦਾਨੀ ਸੱਜਣਾਂ ਕੋਲ ਲਾਈ ਮਦਦ ਦੀ ਗੁਹਾਰ



ਉਨ੍ਹਾਂ ਨੇ ਆਪਣੀ ਹਿੰਮਤ ਅਨੁਸਾਰ ਇਲਾਜ ਬਹੁਤ ਕਰਵਾਇਆ, ਪਰ ਹੁਣ ਹਾਲਾਤ ਵੱਸ ਤੋਂ ਬਾਹਰ ਹਨ। ਉਨ੍ਹਾਂ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ, ਸਮਾਜ ਸੇਵੀ ਸੰਸਥਾਵਾਂ ਅਤੇ ਦੇਸ਼-ਵਿਦੇਸ਼ ਵਿੱਚ ਬੈਠੇ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਪੁੱਤ ਦੀ ਜਾਨ ਬਚਾਉਣ ਲਈ ਮਾਲੀ ਮਦਦ ਕੀਤੀ ਜਾਵੇ ਤਾਂ ਜੋ ਉਹ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕੇ। ਉਹਨਾਂ ਕਿਹਾ ਕਿ ਸਾਡਾ ਪੁੱਤ ਸਾਡੀਆਂ ਅੱਖਾਂ ਸਾਹਮਣੇ ਦਮ ਤੋੜ ਰਿਹਾ ਹੈ, ਪਰ ਸਾਡੇ ਹੱਥ ਖਾਲੀ ਹਨ । ਅਸੀਂ ਸਭ ਦਾਨੀ ਸੱਜਣਾ ਅੱਗੇ ਹੱਥ ਜੋੜਦੇ ਹਾਂ ਕਿ ਸਾਡੀ ਮਦਦ ਕੀਤੀ ਜਾਵੇ।

ਮਦਦ ਲਈ ਸੰਪਰਕ ਕਰੋ :-

ਜੇਕਰ ਕੋਈ ਦਾਨੀ ਸੱਜਣ ਜਾਂ ਸੰਸਥਾ ਇਸ ਪਰਿਵਾਰ ਦੀ ਮਦਦ ਕਰਨਾ ਚਾਹੁੰਦੀ ਹੈ, ਤਾਂ ਉਹ ਸਿੱਧਾ ਪਿੰਡ ਸ਼ੇਰਗੜ੍ਹ ਵਿਖੇ ਪਰਿਵਾਰ ਨਾਲ ਉਹਨਾਂ ਦੇ ਇਸ ਨੰਬਰ ਤੇ 8968239722 ਸੰਪਰਕ ਕਰ ਸਕਦਾ ਹੈ। ਤੁਹਾਡੀ ਇੱਕ ਛੋਟੀ ਜਿਹੀ ਮਦਦ ਇੱਕ ਨੌਜਵਾਨ ਦੀ ਜਾਨ ਬਚਾ ਸਕਦੀ ਹੈ ਅਤੇ ਇੱਕ ਬਜ਼ੁਰਗ ਪਰਿਵਾਰ ਦਾ ਚਿਰਾਗ ਰੌਸ਼ਨ ਰੱਖ ਸਕਦੀ ਹੈ।

# ਬਲਾਕ ਸੰਮਤੀ ਜੋਨ ਕੁਲਥਮ ਦੇ ਸਾਰੇ ਸਾਥੀਆਂ ਦਾ ਧੰਨਵਾਦ : ਚਰਨਜੀਤ ਮੰਢਾਲੀ

**ਬੰਗਾ ( ਚਰਨਜੀਤ ਸੱਲ੍ਹਾਂ )** ਬਲਾਕ ਸੰਮਤੀ ਜ਼ੋਨ ਕੁਲਥਮ ਦੇ ਸਾਰੇ ਸਾਥੀਆਂ ਦਾ ਧੰਨਵਾਦ ਚਰਨਜੀਤ ਮੰਢਾਲੀ ਉਮੀਦਵਾਰ ਬਲਾਕ ਸੰਮਤੀ ਜ਼ੋਨ ਕੁਲਥਮ! ਇਸ ਜ਼ੋਨ ਅਧੀਨ ਪੈਂਦੇ ਪਿੰਡਾਂ ਪਿੰਡ ਕੁਲਥਮ, ਮੰਢਾਲੀ ਸਰਹਾਲਾ ਰਾਣੂਆਂ ਅਤੇ ਚੱਕ ਮਾਈਦਾਸ ਦੇ ਸਮੂਹ ਵੋਟਰਾਂ ਸਪੋਰਟਰਾਂ ਅਤੇ ਪਾਰਟੀ ਲੀਡਰਸ਼ਿਪ ਚੋਣਾਂ ਦੌਰਾਨ ਮੈਨੂੰ ਅਤੇ ਬਹੁਜਨ ਸਮਾਜ ਪਾਰਟੀ ਨੂੰ ਸਹਿਯੋਗ ਕਰਨ ਲਈ ਧੰਨਵਾਦ, ਇਹਨਾਂ ਚੋਣਾਂ ਦੌਰਾਨ ਲੋਕਾਂ ਨੇ ਇਸ ਗੱਲ ਦਾ ਸਬੂਤ ਦਿੱਤਾ ਕਿ ਅਸੀਂ ਅੱਜ ਵੀ ਬਾਬਾ ਸਾਹਿਬ ਅਤੇ ਕਾਂਸ਼ੀ ਰਾਮ ਜੀ ਦੇ ਮਿਸ਼ਨ ਨਾਲ ਡੱਟ ਕੇ ਖੜ੍ਹੇ ਹਾਂ ਭਾਵੇਂ ਕਿ ਅਸੀਂ ਇਸ ਜ਼ੋਨ ਤੋਂ ਜਿੱਤ ਪ੍ਰਾਪਤ ਨਹੀਂ ਕਰ ਸਕੇ ਪਰ ਪਿੰਡ ਮੰਢਾਲੀ ਦੇ ਵੋਟਰਾਂ ਦਾ ਵਿਸ਼ੇਸ਼ ਧੰਨਵਾਦ ਜਿਹਨਾਂ ਨੇ ਵੱਧ ਤੋਂ ਵੱਧ ਵੋਟਾਂ ਹਾਥੀ ਦੇ ਨਿਸ਼ਾਨ ਤੇ ਪਾ ਕੇ ਪਾਰਟੀ ਨੂੰ ਪਹਿਲੇ ਨੰਬਰ ਦੀ ਪਾਰਟੀ ਬਣਾਇਆ ਪਾਰਟੀ ਲੀਡਰਸ਼ਿਪ ਅਤੇ ਜਿਲ੍ਹਾ ਪ੍ਰੀਸ਼ਦ ਚੋਣ ਲੜ ਰਹੇ ਸ਼੍ਰੀ ਮਤੀ ਹਰਪ੍ਰੀਤ ਕੌਰ ਜੰਡਿਆਲੀ ਅਤੇ ਹਰਜਿੰਦਰ ਜੰਡਿਆਲੀ ਦਾ ਵੀ ਵਿਸ਼ੇਸ਼ ਧੰਨਵਾਦ ਜਿਹਨਾਂ ਨੇ ਪਾਰਟੀ ਦੇ ਨਿਸ਼ਾਨ ਹਾਥੀ ਨੂੰ ਘਰ ਘਰ ਲਿਜਾਣ ਵਿੱਚ ਆਪਣਾ ਯੋਗਦਾਨ ਪਾਇਆ ਬਸਪਾ ਪੰਜਾਬ ਦੇ ਜਨਰਲ ਸਕੱਤਰ



ਪ੍ਰਵੀਨ ਬੰਗਾ ਜੀ ਦਾ ਵੀ ਧੰਨਵਾਦ ਇਹਨਾਂ ਤੋਂ ਇਲ- ੍ਵਾ ਇੰਜ. ਮਲਕੀਤ ਚੰਦ (ਡ.ਓ ੍ਰਟਦ)ਕੁਲਵਿੰਦਰ ਗੋਰਾ,ਸਾਬਕਾ ਸਰਪੰਚ ਕਮਲਜੀਤ ਕੌਰ ਸੁਰਜੀਤ ਸਿੰਘ, ਰਾਜ ਕੁਮਾਰ ਬੂਟਾ, ਅਮਰਜੀਤ ਮੱਦੀ ਸਾਰੇ ਪੰਚ ਮੰਢਾਲੀ ਸ਼੍ਰੀ ਬਾਲੀ ਰਾਮ, ਮਹਿੰਦਰ ਬੈਂਸ ਪਰਮਜੀਤ ਭੱਟੀ, ਰਮਨ ਨਿੱਕਾ, ਮਨੋਹਰ ਲਾਲ ਮਹਿਮੀ, ਸਤਨਾਮ ਮੰਢਾਲੀ, ਪ੍ਰੇਮ ਕੁਮਾਰ ਮੰਢਾਲੀ, ਕਮਲਜੀਤ, ਗੁਰਮੁਖ ਦਾਸ ਕਮਲਜੀਤ ੍ਰਰਲਦ ਦਿਣ ਬਸਪਾ ਸੁਪੋਰਟਰ ਟੀਮ ਸ਼੍ਰੀ ਲੇਖ ਰਾਜ ਕੁਲਥਮ, ਰਾਕੇਸ਼ ਕੁਲਥਮ, ਡਾ.. ਸੋਨੂ ਨਰ, ਦਲਜਿੰਦਰ ਕੁਲਥਮ, ਸੁਰਜੀਤ ਪੰਚ ਕੁਲਥਮ ਸ਼੍ਰੀ ਬਾਂਕਾ ਰਾਮ ਜੀ ਪ੍ਰਸ਼ੋਤਮ ਮੰਢਾਲੀ,ਅਮਰੀਕ ਚੱਕ ਮਾਈਦਾਸ, ਜਸਵੀਰ ਚੱਕ ਮਾਈਦਾਸ ਅਤੇ ਸਾਰੇ ਵਰਕਰਾਂ ਸਮਰਥਕਾਂ ਦਾ ਤਹਿ ਦਿਲੋਂ ਧੰਨਵਾਦ ਮੈਂ ਆਪਣੇ ਵਲੋਂ ਅਤੇ ਪਾਰਟੀ ਵਲੋਂ ਸਭ ਵੋਟਰਾਂ ਸਪੋਰਟਰਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਹਰ ਸੁੱਖ ਦੁੱਖ ਵਿੱਚ ਤੁਹਾਡੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਖੜ੍ਹੇ ਹੋਵਾਂਗੇ।

# ਆਮ ਆਦਮੀ ਪਾਰਟੀ ਦੇ ਕਾਰਜਕਾਲ ਦੌਰਾਨ ਪੰਜਾਬ ਬਣਿਆ ਪੂਰਾ ਗੈਂਗਲੈਂਡ : ਬਰਿੰਦਰ ਸਿੰਘ ਪ੍ਰਮਾਰ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** – ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲਾ ਹੁਸ਼ਿਆਰਪੁਰ ਤੋਂ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਰਿੰਦਰ ਸਿੰਘ ਪਰਮਾਰ ਨੇ ਪੰਜਾਬ ਦੀ ਵਿਗੜਦੀ ਹੋਈ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਕਾਰਜਸ਼ੈਲੀ 'ਤੇ ਤਿੱਖੇ ਸਵਾਲ ਚੁੱਕੇ । ਉਨ੍ਹਾਂ ਕਿਹਾ ਕਿ ਅਰਾਜਕਤਾ ਦੀਆਂ ਖ਼ਬਰਾਂ ਆ ਰਹੀਆਂ ਹਨ। ਪਿਛਲੇ ਚਾਰ ਸਾਲਾਂ ਤੋਂ ਕਾਨੂੰਨ ਵਿਵਸਥਾ ਦੀ ਸਥਿਤੀ ਇਸ ਕਦਰ ਵਿਗੜੀ ਹੋਈ ਹੈ ਕਿ ਸੂਬਾ ਪੰਜਾਬ ਗੈਂਗ ਲੈਂਡ ਬਣ ਕੇ ਰਹਿ ਗਿਆ ਹੈ। ਉਹਨਾਂ ਕਿਹਾ ਕਿ ਪਹਿਲਾਂ ਤਾਂ ਚੋਰੀ, ਡਕੈਤੀ ਅਤੇ ਜਬਰੀ ਵਸੂਲੀ ਦੀਆਂ ਹੀ ਵਾਰਦਾਤਾਂ ਸੁਣਦੇ ਸੀ, ਪਰ ਹੁਣ ਤਾ ਰੋਜਾਨਾ ਖੁੱਲ੍ਹੇਆਮ



ਗੋਲੀਬਾਰੀ ਨਾਲ ਕਤਲ ਹੋ ਰਹੇ ਹਨ। ਉਹਨਾਂ ਕਿਹਾ ਕਿ ਗੈਂਗਸਟਰਾਂ ਦਾ ਮਨੋਬਲ ਕਾਫੀ ਵੱਧ ਚੁੱਕਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਚਾਰ ਸਾਲਾਂ ਤੋਂ ਸੱਤਾ ਵਿੱਚ ਹੈ ਪ੍ਰੰਤੂ ਰੋਜਾਨਾ ਪੰਜਾਬ ਦਾ ਬੇੜਾ ਗਰਕ ਹੋ ਰਿਹਾ ਹੈ ।
ਉਹਨਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਗ੍ਰਹਿ ਮੰਤਰਾਲਾ ਖੁਦ ਸੰਭਾਲਿਆ ਹੋਇਆ ਹੈ। ਕਾਨੂੰਨ ਵਿਵਸਥਾ ਦੀ ਜਿੰਮੇਵਾਰੀ ਸੂਬੇ ਦੇ ਪੁਲਿਸ ਮੁਖੀ ਅਤੇ ਗ੍ਰਹਿ ਮੰਤਰੀ ਦੀ ਹੁੰਦੀ ਹੈ । ਇਸ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀਜੀਪੀ ਗੌਰਵ ਯਾਦਵ ਨੂੰ ਤੁਰੰਤ ਆਪਣੇ ਅਹੁਦਿਆਂ ਤੋਂ ਅਸਤੀਫਾ ਦੇਣਾ ਚਾਹੀਦਾ ਹੈ, ਕਿਉਂਕਿ ਉਹ ਜਨਤਾ ਨੂੰ ਸ਼ਾਂਤੀਪੂਰਨ ਮਾਹੌਲ ਪ੍ਰਦਾਨ ਕਰਨ ਵਿੱਚ ਬੁਰੀ ਤਰ੍ਹਾਂ ਅਸਫਲ ਰਹੇ ਹਨ ਉਹਨਾਂ ਹੁਸ਼ਿਆਰਪੁਰ ਦੇ ਐਸ ਐਸ ਪੀ ਕੋਲੋ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ, ਤਾਂ ਜੋ ਡਰ ਦੇ ਮਾਹੌਲ ਵਿੱਚ ਰਹਿਣ ਲਈ ਮਜਬੂਰ ਲੋਕ ਸੁੱਖ ਦਾ ਸਾਹ ਲੈ ਸਕਣ। ਉਹਨਾਂ ਜਨਤਾ ਨੂੰ ਵੀ ਪੁਰਜੋਰ ਅਪੀਲ ਕੀਤੀ ਕਿ ਸਰਕਾਰ 'ਤੇ ਭਰੋਸਾ ਨਾ ਕਰਕੇ ਆਪਣੀ ਸੁਰੱਖਿਆ ਦਾ ਧਿਆਨ ਰੱਖਣ। ਕਿਉਂਕਿ ਜੋ ਪਿਛਲੇ ਚਾਰ ਸਾਲਾਂ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਅਸਫਲ ਰਹੀ ਹੈ, ਉਸ ਤੋਂ ਬਾਕੀ ਰਹਿੰਦੇ ਇੱਕ ਸਾਲ ਵਿੱਚ ਵੀ ਕੋਈ ਉੱਮੀਦ ਕਰਨਾ ਵਿਅਰਥ ਹੈ।

# ਨੌਜਵਾਨਾਂ ਨੂੰ ਨਸ਼ਾ, ਬਾਲ ਵਿਆਹ ਤੇ ਐਚ.ਆਈ.ਵੀ ਮੁਕਤ ਭਾਰਤ ਸਿਰਜਣ ਦਾ ਸੱਦਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਨੀਰਜ ਗੋਇਲ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਤਹਿਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਵੱਖ-ਵੱਖ ਪਿੰਡਾਂ, ਸਕੂਲਾਂ, ਸਿਵਲ ਹਸਪਤਾਲ, ਨਸ਼ਾ ਛੁਡਾਊ ਕੇਂਦਰ, ਮੁੜ ਵਸੇਬਾ ਕੇਂਦਰ, ਕੇਂਦਰੀ ਜੇਲ੍ਹ, ਹੁਸ਼ਿਆਰਪੁਰ, ਆਬਜ਼ਰਵੇਸ਼ਨ ਹੋਮ, ਹੁਸ਼ਿਆਰਪੁਰ ਅਤੇ ਸਾਂਝ ਕੇਂਦਰ ਵਿੱਚ ਖੋਲ੍ਹੇ ਗਏ ਲੀਗਲ



ਏਡ ਕਲੀਨਿਕਾਂ ਵਿੱਚ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਚੰਗੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ, ਤਾ ਜੋ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਸ ਤੋ ਇਲਾਵਾ ਇਕ ਹੋਰ ਮੁਹਿੰਮ ਬਾਲ ਵਿਵਾਹ ਮੁਕਤ ਭਾਰਤ ਅਤੇ 'ਮਨੁੱਖੀ ਰੋਗ-ਪ੍ਰਤੀਰੋਧੀ ਪ੍ਰਣਾਲੀ ਦਾ ਰੋਗ' (ਐਚ. ਆਈ. ਵੀ ਏਡਜ਼ ਕੰਪੇਨ) ਸਬੰਧੀ ਸਕੂਲਾਂ ਦੇ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਦੱਸਿਆ ਗਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ। ਇਸ ਦੌਰਾਨ ਨਾਲਸਾ (ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੈਵੀਗੇਸ਼ਨ- ਡਰੱਗ ਮੁਕਤ ਭਾਰਤ ਲਈ), ਯੋਜਨਾ 2025 ਅਤੇ ਸਿਹਤ, ਪਰਿਵਾਰਕ ਅਤੇ ਸਮਾਜਿਕ ਜੀਵਨ ਤੇ ਨਸ਼ਿਆ ਦਾ ਪ੍ਰਭਾਵ ਅਤੇ ਐਨ.ਡੀ.ਪੀ.ਐਸ. ਐਕਟ ਦੇ ਕਾਨੂੰਨੀ ਉਪਬੰਦਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਅਖੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ।

for more news visit:
www.samajweekly.com

# ਮਨਰੇਗਾ ਵਿੱਚ ਬਦਲਾਅ ਗਰੀਬਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ : ਕਰਮਜੀਤ ਕੌਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਮਨਰੇਗਾ ਸਕੀਮ ਵਿੱਚ ਪ੍ਰਸਤਾਵਿਤ ਬਦਲਾਅ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦੇ ਹੋਏ ਕਿਹਾ ਕਿ ਇਹ ਸਿਰਫ਼ ਨਾਮ ਬਦਲਣਾ ਨਹੀਂ ਹੈ, ਸਗੋਂ ਗਰੀਬਾਂ ਦੇ ਅਧਿਕਾਰਾਂ ਨੂੰ ਸੀਮਤ ਕਰਨ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਕੇਂਦਰ ਸਰਕਾਰ ਪਹਿਲਾਂ ਮਨਰੇਗਾ ਲਈ 90 ਫੀਸਦੀ ਫੰਡਿੰਗ ਪ੍ਰਦਾਨ ਕਰਦੀ ਸੀ, ਹੁਣ ਇਸ ਨੂੰ ਘਟਾ ਕੇ 60:40 ਕਰ ਦਿੱਤਾ ਗਿਆ ਹੈ, ਜਿਸ ਨਾਲ ਰਾਜਾਂ 'ਤੇ ਵਾਧੂ ਵਿੱਤੀ ਬੋਝ ਪਾਇਆ ਜਾ ਰਿਹਾ ਹੈ। ਕਰਮਜੀਤ ਕੌਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਰਾਜਾਂ ਦੇ ਆਰ.ਡੀ.ਐਫ ਅਤੇ ਜੀ.ਐਸ.ਟੀ ਫੰਡ ਰੋਕ ਦਿੱਤੇ ਹਨ। ਇਸ ਤੋਂ ਇਲਾਵਾ



ਕੀਤੇ ਜਾ ਰਹੇ ਕੰਮਾਂ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ, ਜਿਸ ਤਹਿਤ ਕੇਂਦਰ ਸਰਕਾਰ ਇਹ ਤੈਅ ਕਰਦੀ ਹੈ ਕਿ ਕਿਹੜੇ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪਾਈਪ ਲਾਈਨਾਂ, ਬਾਜ਼ਾਰਾਂ ਅਤੇ ਪਿੰਡਾਂ ਵਿੱਚ ਉਸਾਰੀ ਵਰਗੇ ਜ਼ਰੂਰੀ ਵਿਕਾਸ ਪ੍ਰੋਜੈਕਟ ਹੁਣ ਮਨਰੇਗਾ ਅਧੀਨ ਨਹੀਂ ਕੀਤੇ ਜਾ ਸਕਦੇ, ਜੋ ਕਿ ਪੇਂਡੂ ਜ਼ਰੂਰਤਾਂ ਦੇ ਪੂਰੀ ਤਰ੍ਹਾਂ ਵਿਰੁੱਧ ਹੈ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਪਿੰਡਾਂ ਦੇ ਛੱਪੜਾਂ ਦੀ ਸਫਾਈ ਪੰਜ ਸਾਲਾਂ ਵਿੱਚ ਸਿਰਫ਼ ਇੱਕ ਵਾਰ ਹੀ ਕੀਤੀ ਜਾ ਸਕਦੀ ਹੈ ਤਾਂ 125 ਦਿਨਾਂ ਦਾ ਰੁਜ਼ਗਾਰ ਕਿਵੇਂ ਪੂਰਾ ਹੋਵੇਗਾ। ਇਹ ਗਰੀਬਾਂ ਦੇ ਮੂੰਹੋਂ ਰੋਟੀ ਖੋਹਣ ਦੇ ਬਰਾਬਰ ਹੈ ਅਤੇ ਇਸ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਮੁੱਦਾ ਹਰ ਮੰਚ ਅਤੇ ਸੈਸ਼ਨ ਵਿੱਚ ਉਠਾਇਆ ਜਾਵੇਗਾ। ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਇਹ ਮੁੱਦਾ ਸਿਰਫ਼ ਪੰਜਾਬ ਤੱਕ ਸੀਮਤ ਨਹੀਂ ਹੈ, ਸਗੋਂ ਦੇਸ਼ ਭਰ ਦੇ 68 ਕਰੋੜ ਮਨਰੇਗਾ ਕਾਰਡ ਧਾਰਕਾਂ ਦੇ ਹਿੱਤਾਂ ਨਾਲ ਸਬੰਧਤ ਹੈ। ਇੱਕ ਪਾਸੇ ਗਰੀਬਾਂ ਦਾ ਮੁਕਤੀਦਾਤਾ ਬਣਨ ਦੀ ਗੱਲ ਹੋ ਰਹੀ ਹੈ, ਜਦੋਂ ਕਿ ਦੂਜੇ ਪਾਸੇ ਕੰਮ ਅਤੇ ਪੈਸਾ ਦੋਵਾਂ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ।ਕਰਮਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣਾ ਯੋਗਦਾਨ 10 ਪ੍ਰਤੀਸ਼ਤ ਅਤੇ ਹੁਣ 40 ਪ੍ਰਤੀਸ਼ਤ ਵਧਾ ਦਿੱਤਾ ਹੈ, ਫਿਰ ਵੀ ਕੰਮ ਦਾ ਕੰਟਰੋਲ ਕੇਂਦਰ ਸਰਕਾਰ ਨੂੰ ਸੌਂਪ ਦਿੱਤਾ ਗਿਆ ਹੈ।

# ਹੁਸ਼ਿਆਰਪੁਰ ਬਣੇਗਾ ਸੋਲਰ ਮਾਡਲ ਜ਼ਿਲ੍ਹਾ, 600 ਹੋਣਹਾਰ ਵਿਦਿਆਰਥੀਆਂ ਦੇ ਘਰਾਂ 'ਚ ਲੱਗਣਗੇ ਮੁਫਤ ਸੋਲਰ ਸਿਸਟਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹੇ ਦੇ ਭਵਿੱਖ ਨੂੰ ਊਰਜਾ, ਸਿੱਖਿਆ ਤੇ ਆਤਮ ਨਿਰਭਰਤਾ ਦੇ ਮਜ਼ਬੂਤ ਥੰਮਾਂ 'ਤੇ ਖੜ੍ਹਾ ਕਰਨ ਦੀ ਦਿਸ਼ਾ ਵਿਚ ਜ਼ਿਲ੍ਹਾ ਪ੍ਰਸ਼ਾਸਨ ਨੇ ਚੜ੍ਹਦਾ ਸੂਰਜ ਮੁਹਿੰਮ ਦੇ ਤਹਿਤ ਇਕ ਪ੍ਰੇਰਿਕ ਅਤੇ ਦੂਰਦਰਸ਼ੀ ਪਹਿਲ ਕੀਤੀ ਹੈ। ਇਸ ਮੁਹਿੰਮ ਦੇ ਕੇਂਦਰ ਵਿਚ ਜਿਥੇ 600 ਟਾਪਰ ਵਿਦਿਆਰਥੀਆਂ ਦੇ ਘਰਾਂ 'ਤੇ 1-1 ਕਿਲੋਵਾਟ ਦਾ ਮੁਫ਼ਤ ਰੂਫ ਟਾਪ ਸੋਲਰ ਸਿਸਟਮ ਹੈ, ਉਥੇ ਇਸ ਦੇ ਨਾਲ-ਨਾਲ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਰੋਜ਼ਗਾਰ ਅਤੇ ਪੇਂਡੂ ਮਹਿਲਾਵਾਂ ਲਈ ਰੋਜ਼ਗਾਰ ਨਾਲ ਜੁੜੇ ਦੋ ਹੋਰ ਪ੍ਰੋਜੈਕਟ ਵੀ ਸਮਾਜ ਨੂੰ ਨਵੀਂ ਦਿਸ਼ਾ ਦੇਣ ਦਾ ਕੰਮ ਕਰ ਰਹੇ ਹਨ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਵਿਚ ਜ਼ਿਲ੍ਹੇ ਵਿਚ ਕੰਮ ਕਰ ਰਹੀਆਂ ਵੱਖ-ਵੱਖ ਸਵੈ-ਸੇਵੀ ਸੰਸਥਾਵਾਂ ਨਾਲ ਹੋਈ ਮੀਟਿੰਗ ਵਿਚ ਇਹ ਸਪੱਸ਼ਟ ਸੰਦੇਸ਼ ਦਿੱਤਾ ਗਿਆ ਹੈ ਕਿ ਵਿਕਾਸ ਤਾਂ ਹੀ ਟਿਕਾਊ ਹੋਵੇਗਾ, ਜਦੋਂ ਪ੍ਰਸ਼ਾਸਨ ਅਤੇ ਸਮਾਜ ਮਿਲ ਕੇ ਅੱਗੇ ਵਧੇ। 600 ਟਾਪਰ ਵਿਦਿਆਰਥੀਆਂ ਦੇ ਲਈ ਮੁਫ਼ਤ ਸੋਲਰ ਸਿਸਟਮ - ਸਨਮਾਨ ਵੀ, ਸੰਦੇਸ਼ ਵੀ ਚੜ੍ਹਦਾ ਸੂਰਜ ਮੁਹਿੰਮ ਦੀ ਸਭ ਤੋਂ ਪ੍ਰਭਾਵਸ਼ਾਲੀ ਲੜੀ 'ਗੋ ਸੋਲਰ ਮੁਹਿੰਮ' ਹੈ। ਡਿਪਟੀ ਕਮਿਸ਼ਨਰ ਨੇ ਐਲਾਨ ਕੀਤਾ ਕਿ



ਸੀ.ਐਸ.ਆਰ ਸਹਿਯੋਗ ਨਾਲ ਸਾਲ 2024-25 ਦੇ ਦਸਵੀਂ ਜਮਾਤ ਦੇ 600 ਟਾਪਰ ਵਿਦਿਆਰਥੀਆਂ ਦੇ ਘਰਾਂ 'ਤੇ 1 ਕਿਲੋਵਾਟ ਤੱਕ ਦਾ ਰੂਫ ਟਾਪ ਸੋਲਰ ਸਿਸਟਮ ਪੂਰੀ ਤਰ੍ਹਾਂ ਮੁਫ਼ਤ ਲਗਾਇਆ ਜਾਵੇਗਾ। ਇਹ ਪਹਿਲ ਨਾ ਕੇਵਲ ਹੋਣਹਾਰ ਵਿਦਿਆਰਥੀਆਂ ਦੇ ਸਨਮਾਨ ਦਾ ਪ੍ਰਤੀਕ ਹੈ, ਬਲਕਿ ਉਨ੍ਹਾਂ ਦੇ ਪਰਿਵਾਰਾਂ ਦੇ ਰਾਹੀਂ ਪੂਰੇ ਸਮਾਜ ਨੂੰ ਸਵੱਛ ਅਤੇ ਸਸਤੀ ਸੂਰਜੀ ਊਰਜਾ ਅਪਣਾਉਣ ਲਈ ਪ੍ਰੇਰਿਤ ਕਰਨ ਦਾ ਮਜ਼ਬੂਤ ਸੰਦੇਸ਼ ਵੀ ਦਿੰਦੀ ਹੈ।

**ਵਿੰਗਜ਼ ਪ੍ਰੋਜੈਕਟ-ਵਿਸ਼ੇਸ਼ ਬੱਚਿਆਂ ਨੂੰ ਸਨਮਾਨਜਨਕ ਰੋਜ਼ਗਾਰ**

ਚੜ੍ਹਦਾ ਸੂਰਜ ਮੁਹਿੰਮ ਦੇ ਤਹਿਤ 'ਵਿੰਗਜ਼ ਪ੍ਰੋਜੈਕਟ' ਸਮਾਜ ਦੇ ਉਸ ਵਰਗ ਦੇ ਲਈ ਆਸ਼ਾ ਦੀ ਕਿਰਨ ਬਣ ਕੇ ਉਭਰਿਆ ਹੈ, ਜਿਸ ਨੂੰ ਅਕਸਰ ਮੁੱਖ ਧਾਰਾ ਤੋਂ ਦੂਰ ਸਮਝਿਆ ਜਾਂਦਾ ਹੈ। ਇਸ ਪ੍ਰੋਜੈਕਟ ਦੇ ਤਹਿਤ ਹੁਸ਼ਿਆਰਪੁਰ ਵਿਚ 7 ਥਾਵਾਂ 'ਤੇ ਕੰਟੀਨਾਂ ਸਥਾਪਿਤ ਕਰਕੇ 16 ਵਿਸ਼ੇਸ਼ ਬੱਚਿਆਂ ਨੂੰ ਸਨਮਾਨਜਨਕ ਰੋਜ਼ਗਾਰ ਉਪਲਬੱਧ ਕਰਵਾਇਆ ਗਿਆ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਐਨ.ਜੀ.ਓਜ਼ ਨੂੰ ਅਪੀਲ ਕੀਤੀ ਕਿ ਉਹ ਅੱਗੇ ਆ ਕੇ ਇਸ ਤਰ੍ਹਾਂ ਦੇ ਬੱਚਿਆਂ ਦੀ ਪਹਿਚਾਣ ਕਰਨ ਅਤੇ ਵਿੰਗਜ਼ ਪ੍ਰੋਜੈਕਟ ਦੇ ਵਿਸਥਾਰ ਵਿਚ ਭਾਗੀਦਾਰੀ ਬਣਨ।

**ਸੂਈ-ਧਾਗਾ ਪ੍ਰੋਜੈਕਟ-ਪੇਂਡੂ ਮਹਿਲਾਵਾਂ ਦੀ ਆਤਮ ਨਿਰਭਰਤਾ**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਤੀਸਰੀ ਮਹੱਤਵਪੂਰਨ ਪਹਿਲ 'ਸੂਈ-ਧਾਗਾ' ਪ੍ਰੋਜੈਕਟ ਹੈ, ਜਿਸ ਦਾ ਉਦੇਸ਼ ਪੇਂਡੂ ਲੋੜਵੰਦ ਮਹਿਲਾਵਾਂ ਨੂੰ ਹੁਨਰ ਵਿਕਾਸ ਰਾਹੀਂ ਪੱਕੇ ਤੌਰ 'ਤੇ ਰੋਜ਼ਗਾਰ ਮੁਹੱਈਆ ਕਰਵਾਉਣਾ ਹੈ। ਇਸ ਪ੍ਰੋਜੈਕਟ ਤਹਿਤ ਪਿੰਡਾਂ, ਤਹਿਸੀਲਾਂ ਅਤੇ ਬਲਾਕਾਂ ਵਿਚ ਸਿਲਾਈ ਕੇਂਦਰ ਖੋਲ੍ਹੇ ਜਾਣਗੇ। ਉਨ੍ਹਾਂ ਦੱਸਿਆ ਕਿ ਮਸ਼ੀਨਰੀ ਅਤੇ ਸਾਜ਼ੋ-ਸਾਮਾਨ ਰੈਡ ਕਰਾਸ ਸੁਸਾਇਟੀ ਉਪਲਬੱਧ ਕਰਵਾਏਗੀ, ਜਦਕਿ ਸੰਚਾਲਨ ਮਗਨਰੇਗਾ ਫਰੇਮਵਰਕ ਤਹਿਤ ਕੀਤਾ ਜਾਵੇਗਾ।

# ਫ਼ੀਫ਼ਾ ਵਰਲਡ ਕੱਪ ਲਈ ਵੈਨਕੂਵਰ ਵਿੱਚ ਅਸਥਾਈ ਨਿਗਰਾਨੀ ਕੈਮਰੇ ਲਗਾਏ ਜਾਣਗੇ

**ਵੈਨਕੂਵਰ (ਮਲਕੀਤ ਸਿੰਘ)** 2026 ਫ਼ੀਫ਼ਾ ਵਰਲਡ ਕੱਪ ਦੇ ਮੈਚਾਂ ਦੀ ਮੇਜ਼ਬਾਨੀ ਨੂੰ ਧਿਆਨ ਵਿੱਚ ਰੱਖਦਿਆਂ ਸਿਟੀ ਆਫ਼ ਵੈਨਕੂਵਰ ਵੱਲੋਂ ਸ਼ਹਿਰ ਦੇ ਚੋਣਵੇਂ ਇਲਾਕਿਆਂ ਵਿੱਚ ਨਵੇਂ ਅਸਥਾਈ ਵੀਡੀਓ ਨਿਗਰਾਨੀ ਕੈਮਰੇ ਲਗਾਏ ਜਾਣਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਸ਼ਹਿਰੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਦਮ ਜਨਤਕ ਸੁਰੱਖਿਆ ਅਤੇ ਭੀੜ ਵਾਲੇ ਇਲਾਕਿਆਂ ਤੇ ਨਜ਼ਰ ਰੱਖਣ ਲਈ ਚੁੱਕਿਆ ਗਿਆ ਹੈ ਇਹ ਕੈਮਰੇ ਮੈਚਾਂ ਤੋਂ ਕੁਝ ਦਿਨ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਮਹੱਤਵਪੂਰਨ ਚੌਰਾਹਿਆਂ, ਆਵਾਜਾਈ ਕੇਂਦਰਾਂ ਅਤੇ ਭੀੜ ਵਾਲੇ ਇਲਾਕਿਆਂ ਵਿੱਚ ਅਸਥਾਈ ਤੌਰ 'ਤੇ ਸਥਾਪਿਤ ਕੀਤੇ ਜਾਣਗੇ। ਇਨ੍ਹਾਂ ਕੈਮਰਿਆਂ ਰਾਹੀਂ ਇਕੱਠੀ ਕੀਤੀ ਜਾਣ ਵਾਲੀ ਵੀਡੀਓ ਰਿਕਾਰਡਿੰਗ




ਸਿਰਫ਼ ਸੁਰੱਖਿਆ ਮਕਸਦਾਂ ਲਈ ਵਰਤੀ ਜਾਵੇਗੀ। ਸ਼ਹਿਰੀ ਅਧਿਕਾਰੀਆਂ ਅਨੁਸਾਰ ਜਿੱਥੇ ਕੈਮਰੇ ਲਗਾਏ ਜਾਣਗੇ, ਉਥੇ ਸੂਚਨਾ ਬੋਰਡ ਵੀ ਲਗਾਏ ਜਾ ਰਹੇ ਹਨ ਅਧਿਕਾਰੀਆਂ ਦਾ ਦਾਆਵਾ ਹੈ ਕਿ ਨਿਗਰਾਨੀ ਅਸਥਾਈ ਹੋਵੇਗੀ ਅਤੇ ਟੂਰਨਾਮੈਂਟ ਦੇ ਸਮਾਪਤ ਹੋਣ ਮਗਰੋਂ ਕੈਮਰੇ ਹਟਾ ਲਏ ਜਾਣਗੇ।

# ਕੈਨੇਡਾ ਦੇ ਰੀਸ ਹਾਊਡਨ ਨੇ ਸਕੀ ਕ੍ਰਾਸ ਵਰਲਡ ਕੱਪ ਵਿੱਚ ਸੋਨ ਤਮਗਾ ਜਿੱਤਿਆ

**ਵੈਨਕੂਵਰ, (ਮਲਕੀਤ ਸਿੰਘ)** ਕੈਨੇਡਾ ਦੇ ਸਕੀ ਕ੍ਰਾਸ ਖਿਡਾਰੀ ਰੀਸ ਹਾਊਡਨ ਨੇ ਇਟਲੀ ਦੇ ਇਨਿਖਨ ਸ਼ਹਿਰ ਵਿੱਚ ਹੋਏ ਵਰਲਡ ਕੱਪ ਸਕੀ ਕ੍ਰਾਸ ਮੁਕ-ਾਬਲੇ ਦੌਰਾਨ ਸੋਨ ਤਮਗਾ ਜਿੱਤ ਕੇ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਨੂੰ ਬਰਕਰਾਰ ਰੱਖਿਆ ਹੈ। ਇਹ ਹਾਊਡਨ ਦਾ ਵਰਲਡ ਕੱਪ ਸਰਕਿਟ 'ਤੇ ਲਗਾਤਾਰ ਦੂਜਾ ਸੋਨ ਤਮਗਾ ਹੈ।

ਬਟਿਸ਼ ਕੋਲੰਬੀਆ ਨਾਲ ਸੰਬੰਧਿਤ ਹਾਊਡਨ ਲਈ ਇਹ ਜਿੱਤ ਉਸਦੇ ਕਰੀਅਰ ਦਾ 20ਵਾਂ ਸੋਨ ਤਮਗਾ ਸਾਬਤ ਹੋਈ, ਜਿਸ ਨਾਲ ਉਸਨੇ ਕੈਨੇਡਾ ਦੇ ਸਫਲਤਮ ਸਕੀ ਕ੍ਰਾਸ ਖਿਡਾਰੀਆਂ ਵਿੱਚ ਆਪਣੀ ਪੱਕੀ ਪਛਾਣ ਹੋਰ ਮਜ਼ਬੂਤ ਕੀਤੀ ਹੈ। ਖੇਡ ਮਾਹਿਰਾਂ ਅਨੁਸਾਰ ਹਾਊਡਨ ਦੀ ਇਹ ਲਗਾਤਾਰ ਕਾਮਯਾਬੀ




ਰੀਸ ਹਾਊਡਨ ਦੀ ਇੱਕ ਤਸਵੀਰ

ਆਉਣ ਵਾਲੇ ਅੰਤਰਰਾਸ਼ਟਰੀ ਮੁਕਾਬਲਿਆਂ ਲਈ ਕੈਨੇਡਾ ਦੀਆਂ ਉਮੀਦਾਂ ਨੂੰ ਹੋਰ ਮਜ਼ਬੂਤ ਕਰਨ ਚ ਸਹਾਈ ਹੋਵੇਗੀ।

# ਅਸੋਕਾ ਬੁੱਧ ਵਿਹਾਰ ਨਕੋਦਰ ਵਿਖੇ ਸਰਾਮਨੇਰ/ ਸ਼ਰਾਮਨੇਰੀ ਧੰਮ ਸਿਵਰ ਸੁਰੂ ਹੋਇਆ – ਰਾਜ ਕੁਮਾਰ ਬੋਧ

**ਸਮਾਜ ਵੀਕਲੀ ਯੂ ਕੇ**

**ਨਕੋਦਰ–** ਅੱਜ ਮਿਤੀ ਵੀਹ ਦਸੰਬਰ ਨੂੰ ਵਿਸ਼ਵ ਬੋਧ ਸੰਘ ਪੰਜਾਬ (ਰਜਿ.) ਦੀ ਕਮੇਟੀ ਵਲੋਂ ਸ਼ਰਾਮਨੇਰ/ ਸ਼ਰਾਮਨੇਰੀ ਧੰਮ ਸਿਵਰ ਦਾ ਸ਼ੁਭ ਅਰੰਭ ਹੋ ਗਿਆ ਹੈ। ਜਿਸ ਵਿੱਚ 10 ਉਪਾਸਕ ਸ਼ਰਾਮਨੇਰ ਬਣ ਕੇ ਧੰਮ ਸਿੱਖਿਆ ਲੈ ਰਹੇ ਹਨ, 2 ਉਪਸਾਕਾਵਾਂ ਸ਼ਰਾਮਨੇਰੀ ਬਣ ਕੇ ਧੰਮ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ।





ਵਿਸ਼ਵ ਬੋਧ ਸੰਘ ਪੰਜਾਬ ਦੀ ਕਮੇਟੀ ਵਲੋਂ ਅਤੇ ਭੰਤੇ ਸੁਮੀਤਾ ਜੀ ਵਲੋਂ ਇਸ ਸਿਵਰ ਦਾ ਡੋਰ ਟੂ ਡੋਰ ਪ੍ਰਚਾਰ ਕੀਤਾ ਗਿਆ। ਠੰਡ ਦੇ ਮੋਸਮ ਦੇ ਚਲਦੇ ਬਹੁਤ ਉਪਾਸਕ ਸਰਾਮਨੇਰ/ ਸਰਾਮਨੇਰੀ ਸਿਵਰ ਵਿੱਚ ਨਹੀਂ ਪਹੁੰਚ ਸਕੇ ਅਤੇ ਜੋ ਉਪਾਸਕ ਤਥਾਗਤ ਬੁੱਧ ਦੀ ਧੰਮ ਸਿੱਖਿਆ ਪ੍ਰਾਪਤ ਕਰਨ ਲਈ ਆਪਣਾ ਮਨ ਬਣਾ ਕੇ ਧੰਮ ਟਰੇਨਿੰਗ ਲੈ ਰਹੇ ਹਨ, ਉਹਨਾਂ ਲਈ ਬਹੁਤ ਬਹੁਤ ਮੰਗਲ ਮੈਤਰੀ॥ ਕਿਉਕਿ ਆਉਣ ਵਾਲੇ ਸਮੇਂ ਵਿੱਚ ਧੰਮ ਦੀ ਸਿੱਖਿਆ ਇਹਨਾਂ ਨੇ ਨਵੇਂ ਉਪਾਸਕਾਂ ਨੂੰ ਦੇਣੀ ਹੈ।









ਵਿਸ਼ਵ ਬੋਧ ਸੰਘ ਪੰਜਾਬ ਦੀ ਕਮੇਟੀ ਵਲੋਂ ਸਭ ਉਪਾਸਕਾਂ ਨੂੰ ਇਸ ਧੰਮ ਸਿਵਰ ਵਿੱਚ ਆਪਣਾ ਸਮਾਂ ਦੇਣ ਲਈ ਬੇਨਤੀ ਹੈ। ਉਪਾਸਕ ਚਿੱਟੇ ਕੱਪੜੇ ਪਾ ਕੇ ਧੰਮ ਟਰੇਨਿੰਗ ਲੈ ਸਕਦੇ ਹਨ। ਸਭ ਉਪਾਸਕਾਂ ਲਈ ਹਰ ਰੋਜ ਚਾਹ – ਰੋਟੀ ਦਾ ਤਿੰਨ ਟਾਇਮ ਦਾ ਪ੍ਰਬੰਧ ਵਿਸ਼ਵ ਬੋਧ ਸੰਘ ਪੰਜਾਬ ਦੀ ਕਮੇਟੀ ਦੇ ਸਹਿਯੋਗ ਨਾਲ ਕੀਤਾ ਗਿਆ ਹੈ। ਲੋਕਾਂ ਦੀ ਧੰਮ ਪ੍ਰਤੀ ਸਰਧਾ ਜਾਗ ਰਹੀਂ ਹੈ ਅਤੇ ਉਹ ਆਪਣੀ ਨੇਕ ਕਮਾਈ ਵਿੱਚੋਂ ਜਿੰਨਾ ਹੋ ਸਕੇ, ਆਰਥਿਕ ਸਹਿਯੋਗ ਵੀ ਕਰ ਰਹੇਂ ਹਨ। ਜਿਸ ਨਾਲ ਸਿਵਰ ਨੂੰ ਪੂਰਾ ਕਰਨ ਵਿੱਚ ਕਮੇਟੀ ਨੂੰ ਸਹਿਯੋਗ ਮਿਲਦਾ ਹੈ।

ਸਿਵਰ ਵਿੱਚ ਆਏ ਸਭ ਉਪਾਸਕਾਂ ਨੂੰ ਲਿਖਣ ਲਈ ਕਾਪੀ ਅਤੇ ਪੈਂਨ ਵੀ ਦਿੱਤਾ ਜਾ ਰਿਹਾ ਹੈ ਤਾਂ ਜੋ ਉਹ ਧੰਮ ਦੀ ਸਿੱਖਿਆ ਨੂੰ ਗਹਿਰਾਈ ਨਾਲ ਸਮਝ ਸਕਣ। ਹਰ ਪ੍ਰਕਾਰ ਦੀ ਸਹੂਲਤ ਉਪਾਸਕਾਂ ਨੂੰ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਦਿਲ ਲਗਾ ਕੇ ਧੰਮ ਅਭਿਆਸ ਕਰ ਸਕਣ। ਸਵੇਰੇ ਪੰਜ ਵਜੇ ਤੋਂ ਰਾਤ ਦੇ ਨੋਂ ਵਜੇ ਤੱਕ ਕਲਾਸਾਂ ਲਾਉਣ ਦਾ ਟਾਇਮ ਟੇਵਲ ਬਣਾ ਲਿਆ ਗਿਆ ਹੈ॥ ਵਿੱਚ ਵਿੱਚ ਖਾਣ ਪੀਣ ਅਤੇ ਰੈਸਟ ਕਰਨ ਲਈ ਵੀ ਸਮਾਂ ਦਿੱਤਾ ਜਾਵੇਗਾ।

ਮੈਡੀਟੇਸ਼ਨ, ਭਾਰਤੀ ਸੰਵਿਧਾਨ ਵਾਰੇ ਜਾਣਕਾਰੀ ਅਤੇ ਵੰਦਨਾ ਅਤੇ ਸੂਤਰਾਂ ਦਾ ਅਭਿਆਸ ਭੰਤੇ ਸੁਮੀਤਾ ਜੀ ਵਲੋਂ ਕਰਵਾਇਆ ਜਾ ਰਿਹਾ ਹੈ।





ਧੰਮ ਸਿਵਰ ਦਾ ਮੁੱਖ ਲਕਸ਼ ਇਹ ਹੀ ਹੈ ਕਿ ਵੱਧ ਤੋਂ ਵੱਧ ਉਪਾਸਕ ਬਾਬਾ ਸਾਹਿਬ ਜੀ ਦੇ ਬੋਧ ਮਈ ਭਾਰਤ ਬਣਾਉਣ ਲਈ ਤਨ ਮਨ ਅਤੇ ਧਨ ਨਾਲ ਸਹਿਯੋਗ ਕਰਦੇ ਰਹਿਣ। ਜੋ ਤਨ ਨਾਲ ਕਰ ਸਕਦਾ ਹੈ ਉਹ ਵੀ ਮੰਗਲ ਮੈਤਰੀ ਦਾ ਪਾਤਰ ਹੈ ਅਤੇ ਜੋ ਧਨ ਨਾਲ ਸਹਿਯੋਗ ਕਰਦਾ ਹੈ ਉਹ ਵੀ ਬਹੁਤ ਬਹੁਤ ਮੰਗਲ ਕਾਮਨਾਵਾਂ ਅਰਜਿਤ ਕਰ ਸਕਦਾ ਹੈ ਅਤੇ ਆਪਣੇ ਜੀਵਨ ਦੀ ਕਮਾਈ ਨੂੰ ਧੰਮ ਕਾਰਜਾਂ ਵਿੱਚ ਲਗਾ ਕੇ ਆਪਣੇ ਜੀਵਨ ਨੂੰ ਖੁਸਹਾਲ ਬਣਾ ਸਕਦਾ ਹੈ।

ਵਿਸ਼ਵ ਬੋਧ ਸੰਘ ਪੰਜਾਬ ਦੀ ਕਮੇਟੀ ਵਲੋਂ ਮਾਨਯੋਗ ਤਰਸੇਮ ਚਾਹਲ ਜੀ ਅਤੇ ਉਹਨਾਂ ਦੇ ਪਰਿਵਾਰ ਦਾ ਬਹੁਤ ਬਹੁਤ ਧੰਨਵਾਦ, ਜਿਹਨਾਂ ਦੀ ਮਿਹਨਤ ਕਾਰਨ ਅਸੋਕਾਂ ਬੁੱਧ ਵਿਹਾਰ ਬਣਾਇਆ ਗਿਆ ਜਿਸ ਵਿੱਚ ਧੰਮ ਉਪਾਸਕਾਂ ਨੂੰ ਧੰਮ ਟਰੇਨਿੰਗ ਦਿੱਤੀ ਜਾ ਰਹੀ ਹੈ. ਇਸੇ ਪ੍ਰਕਾਰ ਮਾਨਯੋਗ ਦਵਿੰਦਰ ਚੰਦੜ ਜੀ ਅਤੇ ਉਹਨਾਂ ਦੇ ਸਾਰੇ ਪਰਿਵਾਰ ਦਾ ਵੀ ਬਹੁਤ ਬਹੁਤ ਸਾਧੂਵਾਦ, ਜਿਹਨਾਂ ਨੇ ਅੰਬੇਡਕਰ ਨਗਰ, ਨਕੋਦਰ ਵਿੱਚ ਆਪਣੇ ਪਿਤਾ ਜੀ ਸਤਿਕਾਰਯੋਗ ਲੇਟ ਫਕੀਰ ਚੰਦ ਜੀ ਦੀ ਇੱਛਾ ਮੁਤਾਬਕ ਜੇਤਵਨ ਬੁੱਧ ਵਿਹਾਰ ਲਈ ਜਗ੍ਹਾਂ ਦਾਨ ਕੀਤੀ ਅਤੇ ਉਸ ਦੇ ਉਪਰ ਇੱਕ ਬਹੁਤ ਹੀ ਵਧੀਆ ਬਿਲਡਿੰਗ ਬਣਾਉਣ ਲਈ ਮਿਹਨਤ ਕਰ ਰਹੇਂ ਹਨ ਅਤੇ ਨਕੋਦਰ ਵਿੱਚ ਹੀ ਇੱਕ ਸਕੂਲ ਵੀ ਬਣਾ ਰਹੇਂ ਹਨ, ਜਿਸ ਵਿੱਚ ਬੱਚਿਆਂ ਨੂੰ ਗਿਆਨ ਦੀ ਪ੍ਰਾਪਤੀ ਹੋਵੇਗੀ।

ਧੰਮ ਦੀ ਟਰੇਨਿੰਗ ਬੁੱਧ ਵਿਹਾਰਾਂ ਵਿੱਚ ਹੀ ਦਿੱਤੀ ਜਾਵੇਗੀ. ਜਿਸ ਲਈ ਇਸ ਪ੍ਰਕਾਰ ਦੇ ਸਿਵਰ ਲਗਾਉਣੇ ਬਹੁਤ ਹੀ ਜਰੂਰੀ ਹਨ। ਸੋ ਸਭ ਉਪਾਸਕਾਂ ਨੂੰ ਫਿਰ ਤੋਂ ਬੇਨਤੀ ਹੈ ਕਿ ਇਸ ਸਿਵਰ ਵਿੱਚ ਧੰਮ ਟਰੇਨਿੰਗ ਲਈ ਜਰੂਰ ਆਉ. ਸਭ ਪ੍ਰਕਾਰ ਦੀ ਵਿਵਸਥਾ ਵਿਸ਼ਵ ਬੋਧ ਸੰਘ ਪੰਜਾਬ ਦੀ ਕਮੇਟੀ ਵਲੋਂ ਕੀਤੀ ਗਈ ਹੈ।

ਇਸ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਬੋਧ, ਜਿਹਨਾਂ ਦਾ ਮੋਬਾਇਲ ਨੰਬਰ 70096-57927 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸਭ ਲਈ ਮੰਗਲ ਮੈਤਰੀ ... ਜੈ **ਭੀਮ ਨਮੋ ਬੁਧਾਏ**

**ਰਾਜ ਕੁਮਾਰ ਬੋਧ — ਪ੍ਰਧਾਨ ਵਿਸ਼ਵ ਬੋਧ ਸੰਘ ਪੰਜਾਬ (ਰਜਿ)**



# ਵਿਸ਼ਾਲ ਖੈਰਾ ਦੀ ਆ ਰਹੀ ਪਲੇਠੀ ਕਿਤਾਬ “ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ” ਦਾ ਹਰ ਇਕ ਲੇਖ ਬਾਬਾ ਸਾਹਿਬ ਅੰਬੇਡਕਰ ਦੇ ਧੰਮ ਪ੍ਰਤੀ ਨਜ਼ਰੀਏ ਨੂੰ ਪਾਣੀ ਵਾਂਗੂ ਸਾਫ਼ ਕਰਦਾ ਹੈ

**.ਡਾ. ਇੰਦਰਜੀਤ ਕੁਮਾਰ ‘ਕਜਲਾ’**
**ਸ਼ਹਾਇਕ ਪ੍ਰੋਫੈਸਰ ਕਾਨੂੰਨ,**
**ਲੇਖਕ, ਅਨੁਵਾਦਕ, ਸੰਪਾਦਕ**
ਸੰਸਥਾਪਕ, ਟ੍ਰਿਪਲ ਜੈਮ ਪਬਲੀਕੇਸ਼ਨ, ਫਗਵਾੜਾ

ਜਿਵੇਂ ਕਿ ਤਥਾਗਤ ਬੁੱਧ ਕਹਿੰਦੇ ਨੇ ਕਿ, “ਸ਼ੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਜਾਣੋ”। ਇੱਥੇ ਇਹ ਕਹਿਣਾ ਝੂਠ ਨਹੀਂ ਹੈ ਕਿ ਬੁੱਧ ਨੂੰ ਮੰਨਣ ਵਾਲੇ ਬੁਹਤ ਲੋਕ ਮਿਲਦੇ ਹਨ ਪਰ ਸਮਝਣ ਵਾਲੇ ਘੱਟ! ਇਹ ਬੁਹੁਤ ਹੀ ਸੰਜੀਦਾ ਵਿਸ਼ਾ ਹੈ ਕਿਉਂਕਿ ਕੁਝ ਲੋਕਾਂ ਲਈ ਬੁੱਧ ਧੰਮ ਹੁਣ ਸਿਰਫ਼ ਇਕ ਧਰਮ ਬਣਦਾ ਜਾ ਰਿਹਾ ਹੈ। ਉਸੇ ਤਰ੍ਹਾਂ ਜਿਵੇਂ ਬਾਕੀ ਧਰਮਾਂ ਵਿੱਚ ਜਨਮ-ਮਰਨ, ਸਵਰਗ-ਨਰਕ ਅਤੇ ਅੰਧ-ਵਿਸ਼ਵਾਸ ਦੇ ਸਿਧਾਂਤ ਤੇ ਚਲਦੇ ਹਨ। ਜੋ ਕਿ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ। ਇਸੇ ਕਰਕੇ ਬਾਬਾ ਸਾਹਿਬ ਡਾ. ਅੰਬੇਡਕਰ ਨੇ ਬੁੱਧ ਅਪਣਾਉਣ ਤੋਂ ਪਹਿਲਾ ਬਹੁਤ ਹੀ ਡੂੰਘਾਈ ਦੇ ਨਾਲ ਧਰਮ ਅਤੇ ਧੰਮ ਅੰਤਰ ਨੂੰ ਸਮਝਿਆ ਫਿਰ ਉਸ ਤੋਂ ਬਆਦ ਹੀ ਬੁੱਧ ਧੰਮ ਦੀ ਸ਼ਰਣ ਵਿੱਚ ਗਏ। ਜਿੱਥੇ-ਜਿੱਥੇ ਉਨ੍ਹਾਂ ਨੂੰ ਧੰਮ ਵਿੱਚ ਛੇਕ ਮਿਲੇ ਉਹਨਾਂ ਨੂੰ ਉਹਨਾਂ ਨੇ 22 ਪ੍ਰੱਤਿਗਆਵਾਂ ਦੇ ਨਾਲ ਅਤੇ “ਬੁੱਧ ਅਤੇ ਉਹਨਾਂ ਦਾ ਧੰਮ” ਨਾਮਕ ਗ੍ਰੰਥ ਦੇ ਵਿੱਚ ਦਿੱਤੀ ਜਾਣਕਾਰੀ ਨਾਲ ਭਰਨ ਦਾ ਬੇ-ਮਿਸਾਲ ਉਪਰਾਲਾ ਕੀਤਾ।

ਸਮੇਂ ਦੀ ਘਾਟ ਅਤੇ ਅੰਗਰੇਜ਼ੀ ਦੇ ਘੱਟ ਗਿਆਨ ਕਾਰਨ ਇਸ ਗ੍ਰੰਥ ਵਿੱਚ ਦਰਜ ਗਿਆਨ ਲੋਕਾਂ ਤੱਕ ਨਹੀਂ ਪੁੰਹਚਿਆ। ਜਦੋਕਿ ਇਸ ਕਿਤਾਬ ਦਾ ਪੰਜਾਬੀ ਭਾਸ਼ਾ ਵਿੱਚ ਬਹੁਤ ਸਾਰੇ ਵਿਦਵਾਨਾਂ ਵਲੋਂ ਵਧੀਆ ਢੰਗ ਨਾਲ ਅਨੁਵਾਦ ਕੀਤਾ ਗਿਆ ਹੈ। ਪਰ ਵੱਡੀਆਂ ਤੇ ਮੋਟੀਆਂ ਕਿਤਾਬਾਂ ਨੂੰ ਦੇਖਕੇ ਪਾਠਕ ਦਾ ਪੜ੍ਹਨ ਨੂੰ ਹੌਂਸਲਾ ਨਹੀਂ ਪੈਦਾ। ਇਸ ਤਰ੍ਹਾਂ ਦੀ ਸਮੱਸਿਆਵਾਂ ਨੂੰ ਦੂਰ ਕਰਨ ਅਤੇ ਆਮ ਪਾਠਕ






ਤੱਕ ਬਾਬਾ ਵਾਲੇ ਤਰਕਵਾਦੀ ਦ੍ਰਿਸ਼ਟੀਕੋਣ ਨਾਲ ਪੇਸ਼ ਕਰਨ ਦੀ ਕਾਮਯਾਬ ਕੋਸ਼ਿਸ਼ ਕੀਤੀ ਹੈ ਮੇਰੇ ਦੋਸਤ ਵਿਸ਼ਾਲ ਖੈਰਾ ਨੇ ਇਸ ਕਿਤਾਬ ਦਾ ਨਾਂ “ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ” ਹੈ। ਇਸ ਕਿਤਾਬ ਕੱਲ 12 ਲੇਖ ਹਨ। ਜਿਨ੍ਹਾਂ ਦਾ ਸਿੱਧਾ ਸੰਬਧੀ ਹੀ ਬਾਬਾ ਸਾਹਿਬ ਦੇ ਦੁਆਰਾ ਮੁੜ-ਸੁਰਜੀਤ ਕੀਤੇ ਬੁੱਧ ਧੰਮ ਨਾਲ ਹੈ ਕਿਉਂਕਿ ਇਹ ਲੇਖ ਆਪਣੇ-ਆਪ ਵਿੱਚ ਬਹੁਤ ਹੀ ਗਿਆਨ ਭਰਪੂਰ ਹਨ। ਹਰ ਇਕ ਲੇਖ ਬਾਬਾ ਸਾਹਿਬ ਅੰਬੇਡਕਰ ਦੇ ਧੰਮ ਪ੍ਰਤੀ ਨਜ਼ਰੀਏ ਨੂੰ ਪਾਣੀ ਵਾਂਗੂ ਸਾਫ਼ ਕਰਦਾ ਹੈ। ਮੈਂ ਇਸ ਕਿਤਾਬ ਨੂੰ ਛਪਣ ਤੋਂ ਪਹਿਲਾ ਹੀ ਖਰੜੇ ਨੂੰ ਤਿੰਨ-ਚਾਰ ਵਾਰ ਪੜ੍ਹ ਚੁੱਕਾ ਹਾਂ ਇਸ ਨੂੰ ਪੜ੍ਹਨ ਤੋਂ ਬਆਦ ਮੈਂ ਇਹ ਦਾਵੇ ਨਾਲ ਕਹਿ ਸਕਦਾ ਹਾਂ ਕਿ ਇਹ ਕਿਤਾਬ ਬੁੱਧ ਧੰਮ ਵਿੱਚ ਵਿਛਾਏ ਜਾਂ ਰਹੇ ਕੂੜ-ਪ੍ਰਚਾਰ ਨੂੰ ਸਾਫ਼ ਕਰਨ ਵਿੱਚ ਕਾਰਗਰ ਸਾਬਤ ਹੋਵੇਗੀ। ਇਹ ਕਿਤਾਬਾਂ ਵੱਖ-ਵੱਖ ਸਵਾਲਾਂ ਦੇ ਉੱਤਰ ਵੀ ਦਿੰਦੀ ਹੈ। ਜਿਵੇਂ ਕਿ ਬੁੱਧ ਧੰਮ ਵਿੱਚ ਰੱਬ ਦਾ ਕੀ ਸਥਾਨ ਹੈ?, ਬੁੱਧ ਦੇ ਦਸ ਜਨਮ ਕੀ ਹਨ? ਬੁੱਧ ਧੰਮ ਵਿੱਚ ਹਾਨੀਆਂ ਪੈਦਾ ਹੋਣ ਦੇ ਕਾਰਨ, ਇਨ੍ਹਾਂ ਹਾਨੀਆਂ ਨੂੰ ਦੂਰ ਕਿਵੇਂ ਕੀਤਾ ਜਾ ਸਕਦਾ ਹੈ? ਬੁੱਧ ਧੰਮ ਨੂੰ ਅੱਗੇ ਕਿਵੇਂ ਲੈ ਕੇ ਜਾਇਆ ਜਾ ਸਕਦਾ ਹੈ? ਇਸ ਤਰ੍ਹਾਂ ਦੇ ਹੋਰ ਬੁਹਤ ਸਾਰੇ ਸਵਾਲਾਂ ਅਤੇ ਉਨ੍ਹਾਂ ਦੇ ਜਵਾਬ ‘ਬੁੱਧ ਅਤੇ ਉਹਨਾਂ ਦਾ ਧੰਮ’ ਨਾਮਕ ਮਹਾਨ ਗ੍ਰੰਥ ਤੋਂ ਪ੍ਰੇਰਿਤ ਹਨ, ਬੋਧੀ ਇਤਿਹਾਸ ਨੂੰ ਉਜਾਗਰ ਕਰਨ ਵਾਲੇ ਚੀਨੀ ਯਾਤਰੀ ਅਤੇ ਅੰਗਰੇਜ਼ ਅਫ਼ਸਰ ਦਾ ਜ਼ਿਕਰ ਵੀ। ਮੈਂ ਇਹ ਯਕੀਨ ਨਾਲ ਕਹਿ ਸਕਦਾ ਹਾਂ ਕਿ ਵਿਸ਼ਾਲ ਖੈਰਾ ਨੇ ਇਹ ਕਿਤਾਬ ਆਰਟੀਕਲਾਂ ਨੂੰ ਲਿਖ ਕੇ ਗਾਗਰ ਵਿੱਚ ਸਾਗਰ ਭਰਨ ਵਾਲੀ ਗੱਲ ਕੀਤੀ ਹੈ।

ਕਿਤਾਬ ਖਰੀਦਣ ਲਈ ਤੁਸੀਂ ਹੇਠ ਦਿੱਤੇ ਪਤੇ ਅਤੇ ਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਕਿਤਾਬ ਦਾ ਨਾਂ: ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ”

**ਪਬਲੀਸ਼ਰ: ਟ੍ਰਿਪਲ ਜੈਮ ਪਬਲੀਕੇਸ਼ਨ, ਫਗਵਾੜਾ**

**ਫੋਨ ਨੰਬਰ: 99158-53404, 7707925975**

# ਮਿੰਨੀ ਕਹਾਣੀ ਸੰਗ੍ਰਹਿ ‘ਸਫ਼ਰ ਏ ਮੰਜਿਲ’: ਵਿਸ਼ਾ-ਵਸਤੂ ਅਤੇ ਕਲਾਤਮਿਕ ਸੰਰਚਨਾ ਦਾ ਅਧਿਐਨ

## ਮਿੰਨੀ ਕਹਾਣੀਕਾਰਾ: ਮਨਜੀਤ ਕੌਰ ਧੀਮਾਨ

## ਸਮੀਖਿਆਕਾਰ: ਡਾ. ਨਾਇਬ ਸਿੰਘ ਮੰਡੇਰ

ਪੰਜਾਬੀ ਗਲਪ ਸਾਹਿਤ ਵਿੱਚ ਮਿੰਨੀ ਕਹਾਣੀ ਇੱਕ ਅਜਿਹੀ ਵਿਧਾ ਹੈ, ਜੋ ਅਜੋਕੇ ਸਮੇਂ ਦੀ ਤੇਜ਼ ਰਫ਼ਤਾਰ ਜ਼ਿੰਦਗੀ, ਸਮਾਜਕ ਤਣਾਅ ਅਤੇ ਮਨੁੱਖੀ ਅੰਦਰੂਨੀ ਸੰਵੇਦਨਾਵਾਂ ਨੂੰ ਬਹੁਤ ਹੀ ਸੰਖੇਪ ਪਰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਦੀ ਹੈ। ਇਸ ਵਿਧਾ ਦੀ ਵਿਸ਼ੇਸ਼ਤਾ ਇਸ ਦੀ ਲਘੂਤਾ ਨਹੀਂ, ਸਗੋਂ ਉਸ ਅੰਦਰ ਸਮਾਈ ਗਹਿਰੀ ਸੰਵੇਦਨਾਤਮਕ ਊਰਜਾ ਹੈ, ਜੋ ਪਾਠਕ ਦੇ ਮਨ ’ਚ ਲੰਮੇ ਸਮੇਂ ਤੱਕ ਅਸਰ ਛੱਡ ਜਾਂਦੀ ਹੈ। ਮਿੰਨੀ ਕਹਾਣੀ ਨੂੰ ਇਉਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਕਿ ਇਹ ਸਮਾਜ ਵਿੱਚ ਵਾਪਰ ਰਹੀ ਕਿਸੇ ਪਲ-ਛਿਣੀ ਘਟਨਾ ਜਾਂ ਅਨੁਭਵ ਨੂੰ ਕਲਾਤਮਿਕ ਸੂਝ ਅਤੇ ਸੰਕੇਤਕ ਸ਼ੈਲੀ ਰਾਹੀਂ ਪੇਸ਼ ਕਰਨ ਵਾਲੀ ਗਲਪ ਵਿਧਾ ਹੈ ਪੰਜਾਬੀ ਮਿੰਨੀ ਕਹਾਣੀ ਦਾ ਇਤਿਹਾਸਕ ਸਫ਼ਰ 1970 ਦੇ ਦਹਾਕੇ ਤੋਂ ਲੈ ਕੇ ਅੱਜ ਤੱਕ ਲਗਾਤਾਰ ਵਿਕਾਸਸ਼ੀਲ ਰਿਹਾ ਹੈ। ਲਗਭਗ ਪੰਜ ਦਹਾਕਿਆਂ ਦੇ ਇਸ ਯਾਤਰਾ ਦੌਰਾਨ ਇਹ ਵਿਧਾ ਅਨੁਭਵ, ਸੰਵੇਦਨਾ ਅਤੇ ਕਲਾ-ਜੁਗਤਾਂ ਦੇ ਪੱਖੋਂ ਪੱਕੀ ਹੋਈ ਹੈ। 2002 ਤੋਂ ਬਾਅਦ ਇਸ ਵਿਧਾ ਉੱਤੇ ਅਕਾਦਮਿਕ ਪੱਧਰ ’ਤੇ ਹੋਏ ਖੋਜ ਕਾਰਜ ਨੇ ਇਸਨੂੰ ਯੂਨੀਵਰਸਿਟੀ ਪਾਠਕ੍ਰਮ ਅਤੇ ਗੰਭੀਰ ਸਾਹਿਤਕ ਚਰਚਾ ਦਾ ਹਿੱਸਾ ਬਣਾਇਆ। ਇਸ ਸੰਦਰਭ ਵਿੱਚ ਮਿੰਨੀ ਕਹਾਣੀਕਾਰਾ ਮਨਜੀਤ ਕੌਰ ਧੀਮਾਨ ਦਾ ਪਹਿਲਾ ਸੰਗ੍ਰਹਿ ‘ਸਫ਼ਰ ਏ ਮੰਜਿਲ’ ਮਹੱਤਵਪੂਰਨ ਹੈ। ਉਹ ਪਹਿਲਾਂ ਹੀ ਕਵਿਤਾ ਦੇ ਖੇਤਰ ਵਿੱਚ ਆਪਣੀ ਪਹਿਚਾਣ ਬਣਾ ਚੁੱਕੀ ਹੈ ਅਤੇ ਹੁਣ ਇਸ ਸੰਗ੍ਰਹਿ ਰਾਹੀਂ ਗਲਪ ਸਾਹਿਤ ਵਿੱਚ ਵੀ ਆਪਣੇ ਗਲਪੀ ਰੰਗ ਦਾਖ਼ਲ ਕਰਦੀ ਹੈ। ਇਹ ਸੰਗ੍ਰਹਿ 75 ਮਿੰਨੀ ਕਹਾਣੀਆਂ ’ਤੇ ਆਧਾਰਿਤ ਹੈ, ਜਿਨ੍ਹਾਂ ਵਿੱਚ ਸਮਾਜਿਕ, ਆਰਥਿਕ, ਰਾਜਨੀਤਕ, ਸਾਂਸਕ੍ਰਿਤਿਕ, ਵਿਦਿਅਕ ਅਤੇ ਵਿਸ਼ਵ ਪੱਧਰੀ ਸਰੋਕਾਰਾਂ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ।

ਮਨਜੀਤ ਕੌਰ ਧੀਮਾਨ ਵਰਤਮਾਨ ਸਮਾਜਕ ਪ੍ਰਸਥਿਤੀਆਂ ਨੂੰ ਗਹਿਰਾਈ ਨਾਲ ਸਮਝਦੀ ਹੈ। ਨਸ਼ਾਖੋਰੀ, ਭ੍ਰਿਸ਼ਟਾਚਾਰ, ਬੇਰੋਜ਼ਗਾਰੀ, ਅੰਧਵਿਸ਼ਵਾਸ, ਔਰਤ ਦੀ ਸਥਿਤੀ, ਮਾਤ-ਭਾਸ਼ਾ ਪ੍ਰਤੀ ਉਪੇਖਾ, ਵਾਤਾਵਰਨ ਸੁਰੱਖਣ ਅਤੇ ਮਨੁੱਖੀ ਸੰਬੰਧਾਂ ਦੀ ਟੁੱਟ-ਭੱਜ—ਇਹ ਸਾਰੇ ਮਸਲੇ ਉਸ ਦੀਆਂ ਮਿੰਨੀ ਕਹਾਣੀਆਂ ਵਿੱਚ ਪ੍ਰਮੁੱਖਤਾ ਨਾਲ ਉਭਰਦੇ ਹਨ। ‘ਫ਼ਰਕ’ ਅਤੇ ‘ਅਸਲ ਗ਼ੁਲਾਮ’ ਵਰਗੀਆਂ ਕਹਾਣੀਆਂ ਨਸ਼ੇ ਦੀ ਦਲਦਲ ਵਿੱਚ ਫਸੇ ਮਨੁੱਖ ਦੀ ਬੇਬਸੀ ਨੂੰ ਦਰਸਾਉਂਦੀਆਂ ਹਨ, ਜਦਕਿ ‘ਸਬਕ’ ਅਤੇ ‘ਬੇਈਮਾਨੀ ਦੀ ਕਮਾਈ’ ਭ੍ਰਿਸ਼ਟ




ਮਨੋਵ੍ਰਿਤੀ ਉੱਤੇ ਤਿੱਖਾ ਪ੍ਰਹਾਰ ਕਰਦੀਆਂ ਹਨ।

ਆਰਥਿਕ ਅਸਮਾਨਤਾ ਅਤੇ ਬੇਰੋਜ਼ਗਾਰੀ ਦਾ ਦਰਦ ‘ਮਾੜੀ ਕਿਸਮਤ’, ‘ਸਿੱਖਿਆ ਬਨਾਮ ਸਿਖਿਅਕ’ ਵਰਗੀਆਂ ਕਹਾਣੀਆਂ ਵਿੱਚ ਸੰਵੇਦਨਾਤਮਕ ਢੰਗ ਨਾਲ ਉਕੇਰਿਆ ਗਿਆ ਹੈ। ਇਸੇ ਤਰ੍ਹਾਂ ‘ਛੋਟਾ ਮੂੰਹ ਵੱਡੀ ਗੱਲ’ ਅਤੇ ‘ਅਫ਼ਸੋਸ’ ਮਾਤ-ਭਾਸ਼ਾ ਨਾਲ ਜੁੜੀ ਅਸਮਿਤਾ ਦੀ ਸਮੱਸਿਆ ਨੂੰ ਉਭਾਰਦੀਆਂ ਹਨ। ਔਰਤ ਦੀ ਭੂਮਿਕਾ ਅਤੇ ਉਸ ਦੀ ਅੰਦਰੂਨੀ ਤਾਕਤ ‘ਬਨਾਮ ਬਹੂ’, ‘ਨਵੀਂ ਸੋਚ’ ਅਤੇ ‘ਉਲਝੀ ਹੋਈ ਤਾਣੀ’ ਵਿੱਚ ਬਹੁਪੱਖੀ ਰੂਪ ਵਿੱਚ ਸਾਹਮਣੇ ਆਉਂਦੀ ਹੈ, ਜਿੱਥੇ ਘਰੇਲੂ ਮਿਹਨਤ ਦੀ ਅਣਦੇਖੀ ਨੂੰ ਵੀ ਸੰਵੇਦਨਸ਼ੀਲਤਾ ਨਾਲ ਦਰਸਾਇਆ ਗਿਆ ਹੈ,ਉੱਥੇ ਸਮਾਜਕ ਸਾਂਝ ਅਤੇ ਧਾਰਮਿਕ ਸਹਿਣਸ਼ੀਲਤਾ ‘ਇੱਕ ਈਦ ਇਹ ਵੀ’ ਵਰਗੀ ਕਹਾਣੀ ਵਿੱਚ ਮਨੁੱਖੀ ਪਿਆਰ ਅਤੇ ਆਪਸੀ ਭਾਈਚਾਰੇ ਦੇ ਪ੍ਰਤੀਕ ਵਜੋਂ ਪ੍ਰਗਟ ਹੁੰਦੀ ਹੈ। ਵਾਤਾਵਰਨ ਪ੍ਰਤੀ ਲੇਖਿਕਾ ਦੀ ਚਿੰਤਾ ‘ਅਸਲੀ ਦਿਵਾਲੀ’ ਵਿੱਚ ਨਜ਼ਰ ਆਉਂਦੀ ਹੈ, ਜਿੱਥੇ ਪਟਾਕਿਆਂ ਦੀ ਥਾਂ ਰੁੱਖ ਲਗਾਉਣ ਦੀ ਸੋਚ ਪ੍ਰੇਰਿਤ ਕੀਤੀ ਜਾਂਦੀ ਹੈ। ਅੰਧਵਿਸ਼ਵਾਸਾਂ ਉੱਤੇ ‘ਪੁੱਛ’ ਕਹਾਣੀ ਤਰਕਸੰਗਤ ਅਤੇ ਪ੍ਰਤੀਕਾਤਮਕ ਢੰਗ ਨਾਲ ਪ੍ਰਹਾਰ ਕਰਦੀ ਹੈ।

ਕਲਾਤਮਿਕ ਪੱਖੋਂ ਦੇਖਿਆ ਜਾਵੇ ਤਾਂ ਮਨਜੀਤ ਕੌਰ ਧੀਮਾਨ ਦੀਆਂ ਮਿੰਨੀ ਕਹਾਣੀਆਂ ਸਹਿਜ, ਸੰਖੇਪ ਅਤੇ ਸੰਕੇਤਕ ਹਨ। ਬਹੁਤ ਸਾਰੀਆਂ ਰਚਨਾਵਾਂ ਵਿੱਚ ਅੰਤ ਇੱਕ ਅਚਾਨਕ ਪਰ ਅਰਥਪੂਰਨ ਮੋੜ ਲੈਂਦਾ ਹੈ, ਜੋ ਮਿੰਨੀ ਕਹਾਣੀ ਦੀ ਅਸਲੀ ਤਾਕਤ ਹੈ। ਹਾਲਾਂਕਿ ਕੁਝ ਕਹਾਣੀਆਂ ਵਿੱਚ ਉਪਦੇਸ਼ਾਤਮਕ ਰੁਝਾਨ ਅਤੇ ਸਿਰਲੇਖਾਂ ਦੀ ਸਿੱਧੀ ਭਾਸ਼ਾ ਕਲਾਤਮਿਕ ਗਹਿਰਾਈ ਨੂੰ ਕੁਝ ਹੱਦ ਤੱਕ ਘਟਾਉਂਦੀ ਹੈ, ਪਰ ਸਮੁੱਚੇ ਤੌਰ ’ਤੇ ਲੇਖਿਕਾ ਦੀ ਸਿਰਜਣਾਤਮਕ ਸੰਭਾਵਨਾ ਸਪਸ਼ਟ ਨਜ਼ਰ ਆਉਂਦੀ ਹੈ।

ਸਿਰਲੇਖ ਯੋਜਨਾ ਮਿੰਨੀ ਕਹਾਣੀ ਲਈ ਬਹੁਤ ਮਹੱਤਵਪੂਰਨ ਹੁੰਦੀ ਹੈ। ਇਸ ਸੰਗ੍ਰਹਿ ਵਿੱਚ ਕਈ ਸਿਰਲੇਖ ਅਰਥਗ੍ਰਹੀ ਅਤੇ ਕਹਾਣੀ ਦੇ ਅੰਤ ਤੱਕ ਨਿਭਣ ਵਾਲੇ ਹਨ, ਜਦਕਿ ਕੁਝ ਹੋਰਾਂ ਵਿੱਚ ਹੋਰ ਨਵੀਨਤਾ ਦੀ ਸੰਭਾਵਨਾ ਮੌਜੂਦ ਹੈ। ਫਿਰ ਵੀ, ਵਿਸ਼ਿਆਂ ਦੀ ਵੰਨ-ਸੁਵੰਨਤਾ ਅਤੇ ਸਮਾਜਕ ਸਰੋਕਾਰਾਂ ਨਾਲ ਜੁੜੀ ਲਗਨ ਇਸ ਸੰਗ੍ਰਹਿ ਨੂੰ ਮਹੱਤਵਪੂਰਨ ਬਣਾਉਂਦੀ ਹੈ।

ਸਾਰ ਤੌਰ ’ਤੇ ਕਿਹਾ ਜਾ ਸਕਦਾ ਹੈ ਕਿ ‘ਸਫ਼ਰ ਏ ਮੰਜਿਲ’ ਮਨਜੀਤ ਕੌਰ ਧੀਮਾਨ ਦਾ ਇੱਕ ਸੰਵੇਦਨਸ਼ੀਲ ਅਤੇ ਵਿਚਾਰਪ੍ਰੇਰਕ ਮਿੰਨੀ ਕਹਾਣੀ ਸੰਗ੍ਰਹਿ ਹੈ। ਇਹ ਸੰਗ੍ਰਹਿ ਨਾ ਸਿਰਫ਼ ਮਿੰਨੀ ਕਹਾਣੀ ਦੀ ਕਲਾਤਮਿਕ ਸੰਭਾਵਨਾਵਾਂ ਨੂੰ ਦਰਸਾਉਂਦਾ ਹੈ, ਸਗੋਂ ਅਜੋਕੇ ਸਮਾਜ ਦੀਆਂ ਜਟਿਲਤਾਵਾਂ ਨੂੰ ਵੀ ਸਾਫ਼ ਦਰਪਣ ਵਾਂਗ ਪੇਸ਼ ਕਰਦਾ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਇਹ ਸੰਗ੍ਰਹਿ ਪੰਜਾਬੀ ਗਲਪ ਸਾਹਿਤ ਦੇ ਪਾਠਕਾਂ ਲਈ ਇਕ ਸੁਆਗਤਯੋਗ ਅਤੇ ਮਹੱਤਵਪੂਰਨ ਯੋਗਦਾਨ ਹੈ।

**



**ਡਾ ਨਾਇਬ ਸਿੰਘ ਮੰਡੇਰ**
**ਮੰਡੇਰ ਕੰਪਲੈਕਸ ਮੇਨ ਬਾਜ਼ਾਰ**
**ਰਤੀਆ -125051(ਹਰਿਆਣਾ )**
**81684-55601**

# ਕੀ ਅਸੀਂ ਸਮਾਜ ਸੁਧਾਰ ਸਕਦੇ ਹਾਂ?

ਮਾਨਵ ਤਸਕਰੀ ਅੱਜ ਦੁਨੀਆਂ ਵਿੱਚ ਇਕ ਕਠੋਰ ਸੱਚਾਈ ਬਣਦੀ ਜਾ ਰਹੀ ਹੈ ਜੋ ਕਿ ਸਾਡੇ ਵਿਕਾਸ ਦੇ ਬਹੁਤ ਸਾਰੇ ਦਾਅਵਿਆਂ ਨੂੰ ਝੁਠਲਾਉਦੀ ਹੈ।ਹਰ ਸਾਲ 30 ਜੁਲਾਈ ਨੂੰ 'ਮਨੁੱਖੀ ਤਸਕਰੀ ਰੋਕਥਾਮ ਦਿਵਸ' ਮਨਾਇਆ ਜਾਦਾ ਹੈ,ਜੋ ਕਿ ਸਾਨੂੰ ਇਹ ਯਾਦ ਦਿਵਾਉਦਾ ਹੈ ਕਿ ਮਨੁੱਖਾਂ ਨੂੰ ਇਕ ਵਸਤੂ ਵਾਂਗ ਖਰੀਦਣ ਅਤੇ ਵੇਚਣ ਦਾ ਅਭਿਆਸ ਅੱਜ ਵੀ ਸਾਡੇ ਸਮਾਜ ਅੰਦਰ ਜਿੰਦਾ ਹੈ,ਅਤੇ ਇਹ ਸਿਰਫ਼ ਪਛੜੇ ਜਾਂ ਅਨਪੜ੍ਹ ਵਰਗ ਦੀ ਸਮੱਸਿਆ ਨਹੀ ਹੈ,ਸਗੋਂ ਨਿਆਂ ਅਜਾਦੀ ਅਤੇ ਮਾਣ ਵਿੱਚ ਵਿਸ਼ਵਾਸ਼ ਰੱਖਣ ਵਾਲੇ ਹਰ ਵਿਆਕਤੀ ਲਈ ਇਕ ਚੁਣੌਤੀ ਹੈ।ਸਾਨੂੰ ਸਾਰਿਆਂ ਨੂੰ ਇਸ ਵਲ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ।

ਭਾਰਤ ਵਰਗੇ ਵਿਭਿੰਨਤਾ ਵਾਲੇ ਦੇਸ਼ ਵਿੱਚ ਜਿੱਥੇ ਤਰੱਕੀ ਅਤੇ ਵਿਕਾਸ ਦੀਆਂ ਬਹੁਤ ਸਾਰੀਆਂ ਨਵੀਆਂ ਉਦਾਹਰਣਾਂ ਬਣ ਰਹੀਆਂ ਹਨ। ਉਥੇ ਮਨੁੱਖੀ ਤਸਕਰੀ ਇਕ ਗੰਭੀਰ ਬੀਮਾਰੀ ਵਾਂਗ ਫੈਲ ਰਹੀ ਹੈ।ਜਿਸ ਦੀਆਂ ਜੜ੍ਹਾਂ ਸਮਾਜਿਕ ਅਤੇ ਆਰਥਿਕ ਪੱਖਾਂ ਤੋਂ ਡੂੰਘੀਆਂ ਜੁੜੀਆਂ ਹੋਈਆਂ ਹਨ। ਅਸੀ ਇਹਨਾਂ ਦੇ ਅੰਕੜਿਆ ਵਿੱਚ ਨਹੀ ਜਾ ਰਹੇ।ਹਜਾਰਾਂ ਹੀ ਮਾਮਲੇ ਇਹੋ ਜਿਹੇ ਹਨ ਜਿੰਨਾਂ ਨੂੰ ਜਾਂ ਤਾਂ ਦਬਾ ਦਿੱਤਾ ਜਾਂਦਾ ਹੈ ਜਾਂ ਫਿਰ ਕਦੇ ਕਿਤੇ ਮਾਮਲਾ ਹੀ ਦਰਜ ਹੀ ਨਹੀ ਹੋ ਰਿਹਾ।ਇਹਨਾਂ ਮਾਮਲਿਆਂ ਵਿੱਚ ਵੱਡੀ ਗਿਣਤੀ ਔਰਤਾਂ ਅਤੇ ਨਾਬਾਲਗ ਬੱਚਿਆਂ ਦੀ ਹੈ।ਤਸਕਰੀ ਕੀਤੇ ਜਾਂਦੇ ਲੋਕ ਅਕਸਰ ਪਿੰਡਾਂ ਚੋਂ ਜਾਂ ਫਿਰ ਪੱਛੜੇ ਇਲਾਕਿਆਂ ਵਿੱਚੋ ਹੁੰਦੇ ਹਨ।ਜਿੰਨਾਂ ਨੂੰ ਨੌਕਰੀ,ਵਿਆਹ ਸਿੱਖਿਆ ਜਾਂ ਅਮੀਰਾਂ ਵਾਲੀ ਜਿੰਦਗੀ ਬਤੀਤ ਕਰਨ ਦੇ ਲਾਲਚ ਸੁਪਨੇ ਦਿਖਾਏ ਜਾਦੇ ਹਨ,ਅਤੇ ਉਹਨਾਂ ਲੋਕਾਂ ਨੂੰ ਸ਼ਹਿਰਾਂ ਵਿੱਚ ਲਿਜਾਇਆ ਜਾਂਦਾ ਹੈ।ਉਥੇ ਉਹਨਾਂ ਨੂੰ ਵੈਸ਼ਵਾਪੁਣਾ,ਘਰੇਲੂ ਗੁਲਾਮੀ, ਜਬਰਦਸਤੀ ਮਜ਼ਦੂਰੀ,ਭੀਖ ਮੰਗਣੀ,ਅੰਗਾਂ ਦਾ ਵਪਾਰ,ਬਾਲ ਵਿਆਹ,ਆਰਕੈਸਟਰਾ,ਮਸਾਜ਼ ਪਾਰਲਰ,ਸਪਾ,ਹੁੱਕਾ ਯੁੱਧ,ਸਾਇਬਰ ਧੋਖਾ ਧੜੀ ਆਦਿ ਵਰਗੀਆਂ ਅਣਮਨੁੱਖੀ ਸਥਿਤੀਆਂ ਵਿੱਚ ਧੱਕੇਲ ਦਿੰਤਾ ਜਾਂਦਾ ਹੈ।ਸਮਾਜ ਦੀ ਚੁੱਪੀ,ਕਾਨੂੰਨ ਦਾ ਡਰ ਨਾ ਹੋਣਾ ਅਤੇ ਪੀੜਤਾ ਦੀ ਬੇਬਸੀ ਇਸ ਪੂਰੇ ਅਪਰਾਧ ਦੇ ਮੁੱਖ ਕਾਰਨ ਹਨ। ਭਾਰਤ ਵਿੱਚ ਜਿਲ ਪੱਧਰ ਤੇ ਮਨੁੱਖੀ ਤਸਕਰੀ ਵਿਰੋਧੀ ਪੁਲਿਸ ਸ਼ਟੇਸ਼ਨ ਸਾਪਤ ਕੀਤੈ ਗਏ ਹਨ।ਇਹ ਪੁਲਿਸ ਸਟੇਸ਼ਨ ਇਸ ਸਮੇਂ ਲੱਗਭਗ ਸਾਰੇ ਜਗਾ ਕੰਮ ਕਰ ਰਹੇ ਹਨ।ਜਿੱਥੇ ਨਵੀ ਤਕਨੀਕ ਅਤੇ ਸ਼ੋਸਲ ਮੀਡੀਆ ਇੰਟਰਨੈਟ ਮਨੁੱਖੀ ਜੀਵਨ ਨੂੰ ਸਰਲ ਅਤੇ ਤੇਜ ਬਣਾ ਰਿਹਾ ਹੈ ਉਥੇ ਹੀ ਇਸ ਦੀ ਦੁਰਵਰਤੋ ਕਾਰਨ ਮਨੁੱਖੀ ਤਸਕਰੀ ਦੇ ਨਵੇਂ ਅਤੇ ਗੁੰਝਲਦਾਰ ਰੂਪ ਉਭਰ ਕੇ ਸਾਹਮਣੇ ਆ ਰਹੇ ਹਨ।ਅੱਜ ਕੱਲ ਸ਼ੋਸਲ ਮੀਡੀਆ,ਡੇਟਿੰਗ ਐਪ,ਜਾਅਲੀ ਨੌਕਰੀ, ਅਤੇ ਜਾਅਲੀ ਪਲੇਸਮੈਟ ਏਜੰਸੀਆਂ,ਵੈਬਸਾਈਟਾਂ ਰਾਹੀ ਬੱਚਿਆਂ ਅਤੇ ਨੌਜਵਾਨ ਔਰਤਾਂ ਨੂੰ ਫਸਾਉਣਾ ਆਸਾਨ ਹੋ ਗਿਆ ਹੈ।ਤਸਕਰੀ ਕਰਨ ਵਾਲੇ ਪਹਿਲਾਂ ਦੋਸਤ ਬਣਦੇ ਹਨ ਵਿਸ਼ਵਾਸ਼ ਹਾਸਲ ਕਰਦੇ ਹਨ ਅਤੇ ਫਿਰ ਪੀੜਤਾ ਨੂੰ ਫਸਾਉਦੇ ਹਨ।ਉਸ ਤੋਂ ਬਾਅਦ ਉਹਨਾਂ ਨੂੰ ਦੇਸ਼ ਵਿਦੇਸ਼ ਭੇਜ ਦਿੱਤਾ ਜਾਂਦਾ ਹੈ।ਨੇਪਾਲ,ਬੰਗਲਾਦੇਸ਼ ਅਤੇ ਮਿਆਂਮਾਰ ਤੋਂ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਲੜਕੀਆਂ ਨੂੰ ਭਾਰਤ ਵਿੱਚ ਤਸਕਰੀ ਕਰਕੇ ਵੱਡੇ ਸ਼ਹਿਰਾਂ ਵਿੱਚ ਵੇਸਵਾਗਨੀ ਜਾਂ ਘਰੇਲੂ ਕੰਮ ਵਿੱਚ ਲਗਾਇਆ ਜਾਂਦਾ ਹੈ।ਇੰਟਰਨੈਟ ਤੱਕ ਬੇਕਾਬੂ ਪਹੁੰਚ ਅਤੇ ਸਾਇਬਰ ਸੁਰੱਖਿਆ ਦੀ ਘਾਟ ਨੇ ਇਸ ਸਮੱਸਿਆ ਨੂੰ ਹੋਰ ਵਧਾ ਦਿੱਤਾ ਹੈ।ਬਦਕਿਸਮਤੀ ਨਾਲ ਪੀੜਤਾ ਨੂੰ ਹੀ ਅਕਸਰ ਅਪਰਾਧੀ ਮੰਨਿਆ ਜਾਂਦਾ ਹੈ ਅਤੇ ਇਨਸਾਫ ਮਿਲਣ ਦੀ ਬਜਾਇ,ਉਹਨਾਂ ਨੂੰ ਸ਼ਰਮ ਅਤੇ ਬੇਇਨਸਾਫੀ ਦਾ ਸਾਹਮਣਾ ਕਰਨਾ ਪੈਦਾ ਹੈ।ਮੁਕਾਬਲਾ ਕਰਨ ਤੇ ਉਹਨਾਂ ਨੂੰ ਬਾਹਰ ਕੱਢਣ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪੈਦਾ ਹੈ। ਪਲੇਸਮੈਟ ਏਜੰਸੀਆਂ ਨੇ ਵਰਕ ਵੀਜ਼ਾ ਦੇ ਨਾਮ 'ਤੇ ਆਪਣਾ ਨੈਟਵਰਕ ਫੈਲਾਇਆ ਹੋਇਆ ਹੈ।ਉਹ ਕੰਮ ਦੇ ਬਹਾਨੇ ਬਹੁਤ ਸਾਰੇ ਲੋਕਾਂ ਨੂੰ ਵਿਦੇਸ਼ ਭੇਜਦੇ ਹਨ ਪਰ ਉਹ ਤਸਕਰੀ ਦਾ ਸ਼ਿਕਾਰ ਹੋ ਜਾਂਦੇ ਹਨ। ਭਾਰਤ ਸਰਕਾਰ ਨੇ ਮਨੁੱਖੀ ਤਸਕਰੀ ਨੂੰ ਰੋਕਣ ਲਈ ਕਈ ਕਾਨੂੰਨ ਅਤੇ ਯੋਜਨਾਵਾਂ ਤਿਆਰ ਕੀਤੀਆਂ ਹਨ।ਭਾਰਤੀ ਕਾਨੂੰਨ ਵਿਧਾਨ ਦੀਆਂ ਧਾਰਾਵਾਂ 370 ਅਤੇ 371 ਦੇ ਤਹਿਤ ਤਸਕਰੀ ਨੂੰ ਅਪਰਾਧ ਦੀ ਪਰਿਭਾਸ਼ਾਂ ਵਿੱਚ ਸ਼ਾਮਲ ਕੀਤਾ ਗਿਆ ਹੈ।ਬੰਧੂਆ ਮਜਦੂਰੀ ਖਾਤਮਾ ਐਕਟ,ਬਾਲ ਮਜ਼ਦੂਰੀ ਐਕਟ ਅਤੇ ਘਰੇਲੂ ਕਾਮੇ ਭਲਾਈ ਬਿੱਲ ਵਰਗੇ ਹੋਰ ਕਾਨੂੰਨ ਵੀ ਮੌਜੂਦ ਹਨ।ਸਰਕਾਰਾਂ ਵਲੋਂ ਮਨੁੱਖੀ ਤਸਕਰੀ ਦੇ ਖਿਲਾਫ ਇਕ ਬਿਲ ਵੀ ਪੇਸ਼ ਕੀਤਾ ਗਿਆ,ਜੋ ਕਿ ਪੀੜਤਾਂ ਦੀ ਸੁਰੱਖਿਆ ਦੇ ਲਈ ਯਕੀਨੀ ਬਣਾਉਦਾ ਹੈ। ਹਾਲਾਂਕਿ ਨੀਤੀ ਅਤੇ ਹਕੀਕਤ ਵਿੱਚ ਬਹੁਤ ਵੱਡਾ ਪਾੜਾ ਹੈ।ਕਨੂੰਨਾ ਦਾ ਪ੍ਰਭਾਵ ਤਾਂ ਹੀ ਪੈ ਸਕਦਾ ਹੈ ਜਦੋਂ ਕਿ ਉਸ ਨੂੰ ਪੂਰੀ ਤਰਾਂ ਨਾਲ ਲਾਗੂ ਕੀਤਾ ਜਾਵੇਗਾ,ਕਈ ਵਾਰ ਪੁਲਿਸ ਦੀ ਉਦਾਸੀਨਤਾ,ਭ੍ਰਿਸ਼ਟਾਚਾਰ ਜਾਂ ਪੀੜਤ ਦੀ ਸਮਾਜਿਕ ਸਥਿੱਤੀ ਕਾਨੂੰਨ ਨੂੰ ਬੇਅਸਰ ਬਣਾ ਦਿੰਦੀ ਹੈ। ਜਸਟਸ ਰਾਈਟਸ ਫਾਰ ਚਿਲਡਰਨ ਦੇਸ਼ ਭਰ ਵਿੱਚ ਗੈਰ ਸਰਕਾਰੀ ਸੰਗਠਨ ਅਤੇ ਸਰਕਾਰਾਂ ਦੇ ਸਹਿਯੋਗ ਨਾਲ ਮਨੁੱਖੀ ਤਸਕਰੀ ਨੂੰ ਰੋਕਣ ਦੇ ਲਈ ਸਖਤ ਮਿਹਨਤ ਕਰ ਰਿਹਾ ਹੈ,ਪਰ ਉਨਾਂ ਦੀ ਪਹੁੰਚ ਹਰ ਪਿੰਡ ਕਸਬੇ ਅਤੇ ਸ਼ਹਿਰ ਵਿੱਚ ਨਹੀ ਹੈ,ਇਸ ਪਾੜੇ ਨੂੰ ਖਤਮ ਕਰਨ ਲਈ ਸਰਕਾਰੀ ਮਸ਼ੀਨਰੀ ਅਤੇ ਸਿਵਲ ਸੁਸਾਇਟੀ ਦੁਆਰਾ ਇਕੱਠੇ ਹੋ ਕੇ ਲੜਣ ਦੀ ਲੋੜ ਹੈ। ਮਨੁੱਖੀ ਤਸਕਰੀ ਇੱਕ ਅਜਿਹਾ ਅਪਰਾਧ ਹੈ ਜੋ ਸਾਡੀ ਅਸੰਵੇਦਨਸੀ਼ਲਤਾ ਅਤੇ ਸਮੂਹਿਕ ਚੁੱਪ ਤੇ ਪ੍ਰਫੁੱਲਤ ਹੁੰਦਾ ਹੈ।ਪੀੜਤ ਅਕਸਰ ਡਰ,ਸ਼ਰਮ,ਧਮਕੀਆਂ ਜਾਂ ਸਮਾਜਿਕ ਸੇਕ ਦੇ ਡਰ ਦੇ ਕਾਰਨ ਆਪਣੀ ਆਵਾਜ਼ ਚੁੱਕਣ ਵਿੱਚ ਅਸਮਰੱਥ ਹੁੰਦੇ ਹਨ।ਕਈ ਵਾਰ ਤਾਂ ਪੀੜਤ ਨੂੰ ਇਹ ਨਹੀ ਪਤਾ ਹੁੰਦਾ ਕਿ ਜੋ ਮੇਰੇ ਨਾਲ ਹੋ ਰਿਹਾ ਹੈ ਉਹ ਅਪਰਾਧ ਹੈ।ਦੂਜੇ ਪਾਸੇ ਸਮਾਜ ਖਾਸ ਕਰਕੇ ਸ਼ਹਿਰੀ ਵਰਗ ਅਤੇ ਪ੍ਰੋਢ਼ ਭਾਈਚਾਰਾ,ਜਾਂ ਤਾਂ ਇਸ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ ਜਾਂ ਇਸ ਨੂੰ ਘਰੇਲੂ ਮਾਮਲਾ ਕਰਕੇ ਖਾਰਜ ਕਰ ਦਿੰਦਾ ਹੈ।ਇਹ ਚੁੱਪ ਮਨੁੱਖੀ ਤਸਕਰੀ ਲਈ ਸੱਭ ਤੋਂ ਵੱਧ ਖਤਰਨਾਕ ਬਣ ਜਾਂਦੀ ਹੈ।ਸਮਾਜ ਦੀ ਜਾਗਰੂਕਤਾ ਅਤੇ ਚੌਕਸੀ ਅਤੇ ਸਰਗਰਮੀ ਇਸ ਸਮੱਸਿਆ ਦੇ ਹੱਲ ਦੀ ਚਾਬੀ ਹੈ।ਸਕੂਲਾਂ ਵਿੱਚ ਜਾਗਰੂਕਤਾ ਸੈਮੀਨਾਰ,ਪੰਚਾਇਤ ਪੱਧਰ ਤੇ ਨਿਗਰਾਨ ਕਮੇਟੀਆਂ,ਨੌਜਵਾਨਾਂ ਨੂੰ ਸਾਈਬਰ ਸੁਰੱਖਿਆ ਬਾਰੇ ਜਾਣਕਾਰੀ ਅਤੇ ਔਰਤਾਂ ਅਤੇ ਕਿਸ਼ੋਰਾਂ ਨੂੰ ਸਵੈ-ਰੱਖਿਆ ਅਤੇ ਕਾਨੂੰਨੀ ਅਧਿਕਾਰਾਂ ਦੀ ਸਿਖਿਆ,ਇਹ ਸੱਭ ਨਾ ਸਿਰਫ਼ ਮਨੁੱਖੀ ਤਸਕਰੀ ਰੋਕ ਸਕਦੀ ਹੈ,ਸਗੋਂ ਪੀੜਤਾਂ ਲਈ ਸਹਾਇਤਾ ਵੀ ਬਣ ਸਕਦੇ ਹਨ।

ਆਮ ਨਾਗਰਿਕਾਂ ਲਈ ਇਹ ਜਾਣਨਾ ਬਹੁਤ ਜਰੂਰੀ ਹੈ ਕਿ ਜੇਕਰ ਕੋਈ ਬੱਚਾ ਜਾਂ ਔਰਤ ਲਾਪਤਾ ਹੈ,ਉਸ ਨੂੰ ਜਬਰਦਸਤੀ ਕਿਤੇ ਭੇਜਿਆ ਗਿਆ ਹੈ ਜਾਂ ਕਿਤੇ ਸ਼ੱਕੀ ਹਾਲਾਤਾਂ ਵਿੱਚ ਹੈ ਤਾਂ ਉਸ ਨੂੰ ਤੁਰੰਤ ਚਾਇਲਡਲਾਇਨ (1098) ਮਹਿਲਾਂ ਹੈਲਪਲਾਇਨ (181) ਜਾਂ ਪੁਲਿਸ (112) ਤੇ ਸੂਚਿਤ ਕਰਨਾ ਚਾਹੀਦਾ ਹੈ।ਜਿੰਨਾਂ ਚਿਰ ਇਕ ਵੀ ਵਿਅਕਤੀ ਗੁਲਾਮ ਹੈ,ਸਮਾਜ ਆਜਾਦ ਨਹੀ ਹੈ,ਮਨੁੱਖੀ ਤਸਕਰੀ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹੈ,ਸਗੋ ਮਨੁੱਖੀ ਸਨਮਾਨ,ਆਜਾਦੀ ਅਤੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ।ਇਹ ਆਧੁਨਿਕ ਸਮੇ ਦਾ ਸੱਭ ਤੋਂ ਸੰਗਠਿਤ ਅਤੇ ਜਾਲਮ ਸਿਸਟਮ ਹੈ,ਜੋ ਲੋਕਾਂ ਦੇ ਸੁਪਨਿਆ,ਸਰੀਰ ਅਤੇ ਆਤਮਾ ਨੂੰ ਤੋੜਦਾ ਹੈ ਅਤੇ ਉਨਾਂ ਨੂੰ ਜਿੰਦਾ ਲਾਸ਼ਾਂ ਵਿੱਚ ਬਦਲ ਦਿੰਦਾ ਹੈ।ਇਸ ਅਪਰਾਧ ਵਿਰੁਧ ਲੜਾਈ ਸਿਰਫ਼ ਸਰਕਾਰ ਜਾਂ ਗੈਰ ਸਰਕਾਰੀ ਸੰਗਠਨ ਦੀ ਜਿੰਮੇਵਾਰੀ ਨਹੀ ਹੋ ਸਕਦੀ,ਇਹ ਹਰ ਉਸ ਵਿਅਕਤੀ ਦੀ ਜਿੰਮੇਵਾਰੀ ਹੈ ਜੋ ਸਮਾਜ ਵਿੱਚ ਤਬਦੀਲੀ ਲਿਆਉਣਾ ਚਾਹੁੰਦਾ ਹੈ।ਹਰ ਸਕੂਲ,ਹਰ ਨਾਗਰਿਕ,ਹਰ ਪਿੰਡ ਦੀ ਪੰਚਾਇਤ ਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਉਹ ਤਸਕਰੀ ਨੂੰ ਬਰਦਾਸ਼ਤ ਨਹੀ ਕਰਨਗੇ,ਪਰ ਇਸ ਦੇ ਵਿਰੁਧ ਆਪਣੀ ਆਵਾਜ਼ ਬੁਲੰਦ ਕਰਨਗੇ। ਉਠੋ ਜਾਗੋ 'ਜੇਕਰ ਤੁਸੀ ਚੁੱਪ ਰਹੇ ਤਾਂ ਤੁਸੀ ਵੀ ਦੋਸ਼ੀ ਹੋ,'ਇਹ ਸੱਚਾਈ ਅੱਜ ਪਹਿਲਾਂ ਨਾਲੋਂ ਕਿਤੇ ਜਿਆਦਾ ਪੱਕੀ ਹੁੰਦੀ ਜਾ ਰਹੀ ਹੈ।ਜਦੋ ਤੱਕ ਸਮਾਜ ਵਲੋਂ ਸੱਭ ਤੋਂ ਕਮਜ਼ੋਰ,ਸੱਭ ਤੋਂ ਅਣਗੋਲਿਆ ਅਤੇ ਸੱਭ ਤੋਂ ਬੇਸਹਾਰਾ ਵਰਗਾਂ ਦੀ ਰੱਖਿਆ ਨਹੀ ਕੀਤੀ ਜਾਂਦੀ,ਸਾਨੂੰ ਆਪਣੇ ਆਪ ਨੂੰ ਸੱਭਿਅਕ ਜਾਂ ਵਿਕਸਤ ਕਹਿਣ ਦਾ ਅਧਿਕਾਰ ਨਹੀ ਹੈ।



**ਅਨੁਵਾਦ:-**
**ਅਮਰਜੀਤ ਚੰਦਰ**
**941760001**

# ਸਰ ਗੰਗਾਰਾਮ-ਆਧੁਨਿਕ ਲਾਹੌਰ ਦਾ ਪਿਤਾਮਾ

ਪ੍ਰੋਫੈਸਰ ਅਮਾਨਤ ਅਲੀ ਕਹਿੰਦੇ ਹਨ ਕਿ, "ਪਿਛਾਂਹ ਮੁੜ ਆ ਢੋਲਾ,ਤੇਰੀ ਲੋੜ ਪੈ ਗਈ।" ਉਹ ਮਹਾਨ ਨਾਇਕ ਵਾਂਗ ਜਿੱਤਿਆ ਤੇ ਮਹਾਨ ਸੰਤ ਵਾਂਗ ਦਾਨੀ ਬਣਿਆ। ਨਨਕਾਣਾ ਸਾਹਿਬ ਤੋਂ 14ਮੀਲ ਦੂਰ ਮਾਂਗਟਾਂ ਪਿੰਡ ਦਾ ਜੰਮਪਲ ਬੜਾ ਹੋਣਹਾਰ ਸੀ। ਪਿਤਾ ਲੱਗਿਆ ਉਧਰ ਠਾਣੇਦਾਰ ਸੀ। ਸਤਾਰਾਂ ਸਾਲ ਦੀ ਉਮਰੇ ਵਜੀਫਾ ਲੈਕੇ ਥਾਮਸਨ ਇੰਜੀਨੀਅਰਿੰਗ ਕਾਲਜ (ਬਾਅਦ ਵਿੱਚ ਰੁੜਕੀ) ਵਿੱਚ ਕੀਤੀ ਪੜ੍ਹਾਈ। 1873 ਵਿੱਚ ਸੋਨ ਤਗਮਾ ਜਿੱਤ ਕੇ ਅਪਣੀ ਧਾਂਕ ਜਮਾਈ।

ਸਹਾਇਕ ਇੰਜਨੀਅਰ ਬਣ ਪੀਡਬਲਿਊਡੀ ਵਿਚ ਥੋੜ-ਚਿਰੀ ਨੌਕਰੀ ਕਰਕੇ। ਮਾਰੂਥਲ ਵਿੱਚ ਹਾਈਡਰੋ ਇਲੈਕਟ੍ਰਿਕ ਪੰਪ ਫਿਟ ਕਰਕੇ। ਵਿਹਾਰਕ ਖੇਤੀ ਦੀ ਕੀਤੀ ਸ਼ੁਰੂਆਤ।50 ਹਜਾਰ ਏਕੜ ਜ਼ਮੀਨ ਸਰਕਾਰ ਤੋਂ ਲੀਜ਼ ਤੇ ਲਈ। ਤਿੰਨ ਸਾਲਾਂ ਅੰਦਰ, ਮਾਰੂਥਲ ਭੋਂਇੰ, ਬਦਲੀ ਵਿੱਚ ਹਰਿਆਲੀ। ਇੱਕ ਹਜ਼ਾਰ ਮੀਲ, ਲੰਬੀਆਂ ਚੈਨਲਾਂ ਵਿਛਾਕੇ,ਪਾਣੀ ਪੁੰਚਾਇਆ। ਅਪਣੀ ਕਿਸਮ ਦਾ,ਸਭ ਤੋਂ ਵੱਡਾ, ਨਿਜੀ ਉਦਯੋਗ ਕਹਾਇਆ। ਉਸ ਦੀ ਕੀਤੀ ਖੋਜ,ਡੁਬਈ ਵਾਲੇ ਸ਼ੇਖਾਂ ਦੇ ਵੀ ਕੰਮ ਆਈ। ਜਿਹੜੇ ਬੁਰਜ਼ ਖਲੀਫਾ ਵਰਗੇ, ਟਾਵਰ ਬਣਾਈ ਫਿਰਦੇ, ਜਾਂਦੇ ਉੱਡ ਹਵਾਈ।

ਬਹੁਤ ਵੱਡਾ ਦਾਨੀ ਸੱਜਣ ਅਖਵਾਇਆ। ਸਰ ਗੰਗਾ ਰਾਮ ਨੇ ਆਪਣੇ ਪੈਸੇ ਨਾਲ 1925 ਵਿੱਚ ਰੇਨਾਲਾ ਖੁਰਦ ਹਾਈਡਲ ਪਾਵਰ ਸਟੇਸ਼ਨ ਦੀ ਸਥਾਪਨਾ ਕੀਤੀ,ਸਰ ਗੰਗਾਰਾਮ ਹਸਪਤਾਲ, ਲੇਡੀ ਮੈਕਲਾਗਨ ਸਕੂਲ, ਏਚੀਸਨ ਕਾਲਜ ਲਾਹੌਰ, ਮੇਉ ਹਸਪਤਾਲ ਲਾਹੌਰ, ਜਨਰਲ ਪੋਸਟ ਆਫਿਸ ਲਾਹੌਰ, ਹੈਲੇ ਕਾਲਜ ਆਫ ਬੈਂਕਿੰਗ ਐਂਡ ਫਾਈਨਾਂਸ ਲਾਹੌਰ (ਪਹਿਲਾਂ ਕਮਰਸ਼ ਕਾਲਜ), ਮਾਲ ਰੋਡ ਲਾਹੌਰ, ਨੈਸ਼ਨਲ ਕਾਲਜ ਆਰਟਸ ਲਾਹੌਰ, ਲਾਹੌਰ ਕਾਲਜ ਆਫ ਵੁਮੈਨ ਯੂਨੀਵਰਸਿਟੀ (ਪਹਿਲਾਂ ਸਰਕਾਰੀ ਹਾਈ ਸਕੂਲ), ਲਾਹੌਰ ਅਜਾਇਬ ਘਰ, ਸਰਕਾਰੀ ਕਾਲਜ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਮੇਉ ਹਸਪਤਾਲ ਦੇ ਅਲਬਰਟ ਵਿਕਟਰ ਵਿੰਗ ਨੂੰ ਡਿਜ਼ਾਈਨ ਕੀਤਾ, ਮਾਲ ਰੋਡ ਉਤੇ ਗੰਗਾ ਰਾਮ ਟਰਸਟ ਬਿਲਡਿੰਗ ਬਣਾਈ। ਰੇਨਾਲਾ ਖੁਰਦ ਪਾਵਰ ਹਾਊਸ ਦੇ ਨਾਲ ਨਾਲ, ਪਠਾਨਕੋਟ ਅਤੇ ਅੰਮ੍ਰਿਤਸਰ ਵਿਚਕਾਰ, ਰੇਲਵੇ ਟਰੈਕ ਦਾ, ਨਿਰਮਾਣ ਵੀ ਕਰਵਾਇਆ। 19ਵੀਂ ਸਦੀ ਦੇ ਹੋਣਹਾਰ, ਕਿਸਾਨ ਦੇ ਨਾਤੇ,ਲਾਇਲਪੁਰ (ਫੈਸਲਾਬਾਦ) ਵਿੱਚ, ਹਜ਼ਾਰਾਂ ਏਕੜ, ਬੰਜ਼ਰ ਜਮੀਨ, ਹੁਨਰ ਅਤੇ ਆਧੁਨਿਕ, ਸਿੰਜਾਈ ਵਿਧੀਆਂ ਨਾਲ, ਸੁੱਕੀਆਂ ਜਮੀਨਾਂ ਨੂੰ, ਉਪਜਾਊ ਬਣਾਇਆ। 1903 ਵਿੱਚ ਸੇਵਾ ਮੁਕਤ ਹੋਏ। 10 ਜੁਲਾਈ 1927 ਨੂੰ, ਲੰਡਨ ਵਿੱਚ, ਉਨ੍ਹਾਂ



ਦੀ ਮੌਤ ਹੋ ਗਈ।ਉਨ੍ਹਾਂ ਦੀਆਂ,ਅਸਥੀਆਂ ਦਾ,ਕੁਝ ਹਿੱਸਾ ਗੰਗਾ ਨਦੀ ਵਿੱਚ, ਭੇਜ ਦਿੱਤਾ ਗਿਆ ਬਾਕੀ ਦਾ ਰਾਵੀ ਕੰਢੇ, ਲਾਹੌਰ ਵਿੱਚ ਦਫਨਾ ਦਿੱਤਾ ਗਿਆ। ਲਾਹੌਰ ਵਿੱਚ ਮਾਲ ਰੋਡ ਉੱਤੇ ਸਰ ਗੰਗਾਰਾਮ ਦਾ ਬੁੱਤ ਲੱਗਾ ਹੋਇਆ ਸੀ। 1947 ਦੇ ਦੰਗਿਆਂ ਦੌਰਾਨ, ਭੜਕੀ ਹੋਈ, ਜਨੂੰਨੀ ਭੀੜ ਨੇ, ਪੱਥਰਾਂ ਨਾਲ ਤੋੜ ਦਿੱਤਾ ਤੇ ਪਿੱਛੋਂ ਕੋਲ-ਤਾਰ ਨਾਲ, ਕਾਲਖ ਮਲ ਦਿੱਤੀ, ਕੋਈ ਜੁੱਤੀਆਂ ਦੀ ਮਾਲਾ ਬਣਾ, ਕੇ ਗਲ ਵਿੱਚ ਪਾਉਣ ਲਈ, ਅੱਗੇ ਵਧਿਆ, ਪੁਲਿਸ ਨੇ ਗੋਲੀ ਚਲਾ ਦਿੱਤੀ। ਜ਼ਖ਼ਮੀਆਂ ਵਿੱਚ ਉਹ ਬੰਦਾ ਵੀ ਸ਼ਾਮਿਲ ਸੀ। ਭੀੜ ਨੇ ਰੌਲਾ ਪਾਇਆ ਆਓ! ਆਓ!! ਇਸ ਨੂੰ ਸਰ ਗੰਗਾਰਾਮ ਹਸਪਤਾਲ ਪਹੁੰਚਾ ਆਈਏ। ਪ੍ਰੋਫੈਸਰ ਅਮਾਨਤ ਗਿੱਲ ਕਹਿੰਦੇ ਹਨ ਮੈਂ ਸਰ ਗੰਗਾਰਾਮ ਦੀ ਰੂਹ ਨੂੰ ਬੇਹਦ ਸਲਾਮ ਕਰਦਾ ਹਾਂ। ਅੱਜ ਫੇਰ ਸਾਡੇ ਲਾਹੌਰ ਨੂੰ ਸਰ ਗੰਗਾਰਾਮ ਵਰਗੇ ਮਹਾਤਮਾ ਆਗੂ ਅਤੇ ਮਹਾਂਪੁਰਸ਼ ਦੀ ਲੋੜ ਹੈ ਸਰ। ਮੇਰੇ ਵੱਲੋਂ ਵੀ ਸਰ ਗੰਗਾਰਾਮ ਨੂੰ ਸਲਾਮ !



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ ਬ੍ਰਿਸਬੇਨ ਆਸਟ੍ਰੇਲੀਆ**
**ਫੋਨ ਨੰਬਰ :**
**9878469639**

# ਸਾਕਾ-ਚਮਕੌਰ ਸਾਹਿਬ ਅਤੇ ਸਾਕਾ ਸਰਹਿੰਦ ਦਾ ਗੌਰਵਮਈ ਇਤਿਹਾਸ

੧ ਪੋਹ ਗੌਰਵਸ਼ਾਲੀ ਸਿੱਖ ਇਤਿਹਾਸ ਦੱਸਦਾ ਹੈ ਕਿ ਦਸਮ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ, ਜ਼ਾਬਰ ਮੁ.ਗਲ ਹਾਕਮਾਂ ਨਾਲ ਯੁੱਧਾਂ ਦਾ ਸਿਲਸਲਾ ਅਪ੍ਰੈਲ 1689 ਈ. ਵਿੱਚ ਭੰਗਾਣੀ ਦੇ ਯੁੱਧ ਨਾਲ ਆਰੰਭ ਹੋਇਆ। ਉਪਰੰਤ ਨਦੌਣ ਅਤੇ ਹੁਸੈਨੀ ਦੇ ਯੁੱਧ ਹੋਏ ਪਰ ਸੰਨ 1699 ਈ. ਦੇ ਵੈਸਾਖੀ ਵਾਲੇ ਦਿਨ ਖ਼ਾਲਸੇ ਦੀ ਸਿਰਜਣਾ ਤੋ ਬਾਅਦ ਬਾਈਧਾਰ ਦੇ ਪਹਾੜੀ ਰਾਜਿਆਂ ਅਤੇ ਮੁ.ਗਲ ਹਾਕਮਾਂ ਦਾ ਦਸਮ ਪਾਤਸ਼ਾਹ ਪ੍ਰਤੀ ਵੈਰ ਭਾਵ ਹੋਰ ਤਿੱਖਾ ਹੋ ਗਿਆ। ਸਿੱਟੇ ਵਜੋਂ ਸੰਨ 1701 ਈਸਵੀ ਦੇ ਅੰਤ ਤੋਂ ਲੈ ਕੇ ਸੰਨ 1704 ਈਸਵੀ ਦੇ ਮਾਰਚ ਮਹੀਨੇ ਤੱਕ ਦੁਸ਼ਟ ਮੁ.ਗਲ ਹਾਕਮਾਂ ਅਤੇ ਪਹਾੜੀ ਰਾਜਿਆਂ ਦੇ ਵੱਡੇ-ਵੱਡੇ ਭਾੜੇ ਦੇ ਲਸ਼ਕਰਾਂ ਨੇ ਇੱਕਾ-ਦੁੱਕਾ ਮੁਠਭੇੜਾਂ ਤੋਂ ਇਲਾਵਾ ਥੋੜ੍ਹੇ-ਥੋੜ੍ਹੇ ਅਰਸੇ ਬਾਅਦ ਸਤਿਗੁਰਾਂ ਦੇ ਸਿਰਲੱਥ ਸੂਰਮਿਆਂ ਦੀ ਅਨੋਖੀ ਪਿਆਰ ਦੀਵਾਨੀ ਮੁੱਠੀਭਰ ਫ਼ੌਜ ਨਾਲ, ਆਨੰਦਪੁਰ ਦੇ ਅੰਦਰ ਚਾਰ ਵੱਡੀਆਂ ਲੜਾਈਆਂ ਲੜੀਆਂ। ਇਨ੍ਹਾਂ ਚਾਰ ਲੜਾਈਆਂ ਤੋਂ ਬਾਅਦ ਆਨੰਦਪੁਰ ਦੀ ਪੰਜਵੀਂ ਅਤੇ ਆਖ਼ਰੀ ਸਭ ਤੋਂ ਲੰਮੇਰੀ, ਅਕਾ ਥਕਾ ਕੇ ਰੱਖ ਦੇਣ ਵਾਲੀ ਜੰਗ ਅੰਦਾਜ਼ਨ 20 ਮਈ, ਸੰਨ 1704 ਈਸਵੀ ਨੂੰ ਸ਼ੁਰੂ ਹੋ ਕੇ 20 ਦਸੰਬਰ, ਸੰਨ 1704 ਈ. (06 ਪੋਹ, ਸੰਮਤ 1761 ਬਿਕਰਮੀ) ਅਰਥਾਤ ਸਤਿਗੁਰਾਂ ਦੇ ਆਨੰਦਪੁਰ ਛੱਡਣ ਤੱਕ ਨਿਰੰਤਰ ਜਾਰੀ ਰਹੀ। ਇਹ ਜੰਗ ਗੁਰੂ ਦੇ ਖ਼ਾਲਸੇ ਦੇ ਸਿਰੜ, ਸਮਰਪਣ ਭਾਵ, ਪਿਆਰ ਅਤੇ ਸਿਦਕ ਨੂੰ ਪਰਖਣ ਵਾਲੀ ਸਭ ਤੋਂ ਵੱਧ ਕਰੜੀ ਪ੍ਰੀਖਿਆ ਸੀ। ਇਸ ਜੰਗ ਦੇ ਆਰੰਭ ਸਮੇਂ ਸਤਿਗੁਰਾਂ ਦੀ ਹਜ਼ੂਰੀ ਵਿੱਚ ਆਪਾ ਵਾਰਨ ਵਾਲੇ ਲਗਭਗ 5000 ਸਿੰਘ ਸੂਰਮੇ ਮੌਜੂਦ ਸਨ। ਦੂਜੇ ਪਾਸੇ ਆਨੰਦਪੁਰੀ ਨੂੰ ਘੇਰਾ ਘੱਤਣ ਵਾਲੇ ਦੁਸ਼ਮਣਾਂ ਦੇ ਟਿੱਡੀਦਲ ਦੀ ਗਿਣਤੀ ਦਾ ਕੋਈ ਹਿਸਾਬ ਨਹੀਂ ਸੀ। ਇਸ ਜੰਗ ਦਾ ਇਤਿਹਾਸ ਦੱਸਦਾ ਹੈ ਕਿ ਮਾਝੇ ਦੇ 40 ਸਿੰਘਾਂ ਦੁਆਰਾ ਦਿੱਤੇ ਬੇਦਾਵੇ ਵਾਲੇ ਦੁਖਦਾਈ ਘਟਨਾਕ੍ਰਮ ਤੋਂ ਲੈ ਕੇ ਸਤਿਗੁਰਾਂ ਦੇ ਆਨੰਦਪੁਰ ਛੱਡਣ ਤੱਕ ਦਾ ਸਮਾਂ, ਵਿਸ਼ੇਸ਼ ਕਰਕੇ ਆਨੰਦਪੁਰ ਤਿਆਗਣ ਤੋਂ ਪਹਿਲਾਂ ਦਾ ਪੰਜ ਦਿਨਾਂ ( 01 ਤੋਂ 05 ਪੋਹ) ਦਾ ਸਮਾਂ ਅਤੇ ਬਾਅਦ ਦਾ ਲਗਭਗ ਦਸ ਦਿਨਾਂ (06 ਤੋਂ 15 ਪੋਹ) ਦਾ ਸਮਾਂ ਦਸਮ ਪਾਤਸ਼ਾਹ, ਉਨ੍ਹਾਂ ਦੇ ਸਾਰੇ ਪਰਿਵਾਰ ਅਤੇ ਜਾਨ ਤੋਂ ਪਿਆਰੇ ਮੁਰੀਦਾਂ ਲਈ ਅਤਿ ਦੁਖਦਾਈ, ਉਦਾਸ, ਵੈਰਾਗਮਈ ਅਤੇ ਪੀੜਾਦਾਇਕ ਸੀ। ਇਨ੍ਹਾਂ 15 ਬੇਹੱਦ ਉਦਾਸ ਦਿਨਾਂ ਨੂੰ ਸਿੱਖ ਇਤਿਹਾਸ ਅੰਦਰ ਸ਼ਹੀਦੀ ਪੰਦਰਵਾੜੇ (1 ਤੋਂ 15 ਪੋਹ) ਵਜੋਂ ਜਾਣਿਆ ਜਾਂਦਾ ਹੈ।

